
ਤੁਮਰੇ ਗ੍ਰਿਹ ਪ੍ਰਗਟੇ ਗਾ ਜੋਧਾ ।
ਜਾ ਕਾ ਬਲ ਗੁਨ ਕਿਨੂ ਨ ਸੋਧਾ ।

# ਭਾਈ ਘਨੱਈਆ ਸੇਵਾ ਜੋਤੀ


ਜੁਲਾਈ 2008



ਮਨ ਵਿੱਚ ਪੁੱਤਰ ਦੀ ਇੱਛਾ ਲੈ ਕੇ ਮਾਤਾ ਗੰਗਾ ਜੀ ਨੇ ਲੱਸੀ ਦਾ ਛੰਨਾ ਮੱਕੀ ਦੀ ਰੋਟੀ, ਸਾਗ, ਮੱਖਣ ਤੇ ਗੰਢਾ ਬਾਬਾ ਬੁੱਢਾ ਜੀ ਦੇ ਭੇਟ ਕੀਤਾ ਤਾਂ ਮੁੱਕੀ ਨਾਲ ਗੰਢੇ ਨੂੰ ਤੋੜ ਕੇ ਕਿਹਾ ''ਐਸੇ ਸਮੇਂ ਆ ਕੇ ਭੁੱਖ ਗਵਾਈ ਹੈ, ਤੁਹਾਡੀ ਵੀ ਵਾਹਿਗੁਰੂ ਪੁੱਤ ਦੀ ਸਿੱਕ ਪੂਰੀ ਕਰੇਗਾ''



ਸ਼ਹੀਦ ਭਾਈ ਮਨੀ ਸਿੰਘ ਜੀ (1662-1739 ਈ:)



ਸ਼ਹੀਦ ਭਾਈ ਤਾਰੂ ਸਿੰਘ ਜੀ (ਪਹਿਲੀ ਜੁਲਾਈ 1745)

੧ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ ਪੰਜਾਬੀ ਮਾਸਿਕ

ਸਾਲ : 24ਵਾਂ ਅੰਕ : ਸੱਤਵਾਂ ਜੁਲਾਈ 2008 ਕੀਮਤ : ਅਮੁੱਲ



ਫਾਂਉਡਰ : ਸਵ: ਮਹੰਤ ਤੀਰਥ ਸਿੰਘ 'ਸੇਵਾ ਪੰਥੀ',

ਮੁੱਖ ਸਰਪ੍ਰਸਤ : ਮਹੰਤ ਕਾਹਨ ਸਿੰਘ 'ਸੇਵਾ ਪੰਥੀ', ਫੋਨ 0164-2262012, ਮੋਬਾ: 98140-04503,

ਸਰਪ੍ਰਸਤ : ਮੀਤ ਮਹੰਤ ਸੰਤ ਰਣਜੀਤ ਸਿੰਘ 'ਸੇਵਾ ਪੰਥੀ'
ਫੋਨ : 2262276, ਮੋਬਾ: 98140-35191
ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਭਾਈ ਜਗਤਾ
ਸ੍ਰ: ਤ੍ਰਿਲੋਚਣ ਸਿੰਘ 'ਸੇਠੀ', ਮੁੰਬਈ।

ਮੁੱਖ ਸਲਾਹਕਾਰ : ਸੰਤ ਜਗਜੀਤ ਸਿੰਘ 'ਭਾਈਆ' ਮੋਬਾ:98140-90142
ਸ:ਹਰਵਿੰਦਰ ਸਿੰਘ 'ਟੀਟੂ', ਹਰੀ ਨਗਰ, ਦਿੱਲੀ ਮੋਬਾ:98100-89645
ਸ: ਵਜਿੰਦਰ ਸਿੰਘ ਐਡਵੋਕੇਟ, ਅੰਬਾਲਾ
ਸ: ਸੁਰਜਨ ਸਿੰਘ ਘੁਲਿਆਣੀ ਮੋਬਾ: 98552-06378
ਸ੍ਰੀਮਤੀ ਭੁਪਿੰਦਰ ਕੌਰ ਪਤਨੀ ਸ੍ਰ: ਜੀ.ਐਸ. ਬਜਾਜ ਦਿੱਲੀ,
ਸ੍ਰ: ਜਸਪਾਲ ਸਿੰਘ, ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ।

**ਸੰਪਾਦਕੀ ਬੋਰਡ** ਫਾਊਡਰ ਇੰਟਰਨੈਟ ਐਡੀਟਰ : ਸਵ: ਭੁਪਿੰਦਰ ਸਿੰਘ 'ਸੇਵਾ ਪੰਥੀ'
ਮੁੱਖ ਸੰਪਾਦਕ : ਚਮਨ ਸਿੰਘ 'ਚਮਨ' Ph.2262152,M.98140-75504
ਇੰਚਾਰਜ ਜਨਰਲ ਦਫਤਰ : ਮੈਡਮ ਸਤੀਸ਼ ਸ਼ਾਹਣੀ M.98884-00061,Ph. 2262051
ਸ: ਸੰਪਾਦਕ : ਅਮਰਜੀਤ ਸਿੰਘ 'ਮਾਛੀਵਾੜਾ', ਗੁਰਮੀਤ ਕੌਰ 'ਮੀਤ'


## ਤਤਕਰਾ


| ਲੇਖ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|
| ਸਾਵਣਿ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਸ. ਸੰਪਾਦਕ | 2 |
| ਸੰਪਾਦਕੀ | ਚਮਨ ਸਿੰਘ 'ਚਮਨ' | 3 |
| ਸੱਦਾ ਪੱਤਰ ਸਾਲਾਨਾ ਸਮਾਗਮ ਮਿੱਠਾ ਟਿਵਾਣਾ | ਮਹੰਤ ਪ੍ਰਿਤਪਾਲ ਸਿੰਘ 'ਸੇਵਾ ਪੰਥੀ' | 5 |
| ਕੰਠ ਸ਼ੁੱਧ ਗੁਰਬਾਣੀ ਮੁਕਾਬਲੇ | ਸੇਵਾ ਪੰਥੀ ਗੁਰਮਤਿ ਵਿਦਿਆਲਾ | 6 |
| ਮਾਨਵ ਦਿਵਸ ਮਨਾਉਣ ਸੰਬੰਧੀ | ਪੰਜਾਬ ਸਰਕਾਰ, ਚੰਡੀਗੜ੍ਹ | 7 |
| ਪ੍ਰੋਗਰਾਮ ਪ੍ਰਚਾਰ ਯਾਤਰਾ | ਸੰਪਾਦਕ | 8 |
| ਸੁਖਮਨੀ ਸਾਹਿਬ ਦੀ ਲੜੀਵਾਰ ਕਥਾ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 9 |
| ਲੜੀਵਾਰ ਕਥਾ ਬਾਵਨ ਅਖਰੀ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 11 |
| ਸ੍ਰੀ ਅਕਾਲ ਤਖ਼ਤ ਸਾਹਿਬ | ਡਾ. ਬਲਵੰਤ ਸਿੰਘ | 13 |
| ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ਪ੍ਰਿੰ: ਹਰਿਭਜਨ ਸਿੰਘ | 25 |
| ਸ਼ਹੀਦ ਭਾਈ ਮਨੀ ਸਿੰਘ ਜੀ | ਸ੍ਰ: ਗੁਰਦੀਪ ਸਿੰਘ | 34 |
| ਮਹੰਤ ਬਾਬਾ ਭਗਤ ਸਿੰਘ ਮਿੱਠੇ ਟਿਵਾਣੇ ਵਾਲੇ | ਸੰਤ ਅਜੀਤ ਸਿੰਘ | 36 |
| ਭਾਈ ਘਨੱਈਆ ਜੀ ਦੀ ਬਰਸੀ ਮਾਨਵ ਦਿਵਸ ਵਜੋਂ | ਪ੍ਰੋ: ਬਹਾਦਰ ਸਿੰਘ ਸੁਨੇਤ | 39 |

ੴ ਸਤਿਗੁਰ ਪ੍ਰਸਾਦਿ ॥

## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

# ਸਾਵਣਿ

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥
ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰੁ ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥

| | | | | |
|---|---|---|---|---|
| ਸੰਮਤ ਬਿਕ੍ਰਮੀ | 2065 | ਗੁਰਪੁਰਬ ਤੇ | ਮੱਸਿਆ | 3 ਜੁਲਾਈ |
| ਸੰਮਤ ਨਾਨਕਸ਼ਾਹੀ | 540 | ਵਿਸ਼ੇਸ਼ ਦਿਵਸ | ਪੰਚਮੀ | 7 ਜੁਲਾਈ |
| ਸੰਮਤ ਖਾਲਸਾ | 310 | ਜੁਲਾਈ 2008 | ਸੰਗ੍ਰਾਂਦ | 16 ਜੁਲਾਈ |
| ਸੰਮਤ ਸਾਕਾ | 1930 | | ਪੂਰਨਮਾਸ਼ੀ | 18 ਜੁਲਾਈ |

| ਗੁਰਪੁਰਬ ਤੇ ਵਿਸ਼ੇਸ਼ ਦਿਵਸ | ਪ੍ਰੰਪਰਾਗਤ ਅਨੁਸਾਰ | ਨਾਨਕਸ਼ਾਹੀ ਕੈਲੰਡਰ ਅਨੁਸਾਰ |
|---|---|---|
| ★ ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ | ------- | 2 ਜੁਲਾਈ |
| ★ ਪ੍ਰਕਾਸ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ------- | 5 ਜੁਲਾਈ |
| ★ ਸ਼ਹੀਦੀ ਭਾਈ ਮਨੀ ਸਿੰਘ ਜੀ | ------- | 9 ਜੁਲਾਈ |
| ★ ਸ਼ਹੀਦੀ ਭਾਈ ਤਾਰੂ ਸਿੰਘ ਜੀ | ------- | 16 ਜੁਲਾਈ |
| ★ ਸਾਲਾਨਾ ਯੱਗ ਸਮਾਗਮ ਮਹੰਤ ਹਰੀ ਸਿੰਘ ਤੇ ਭਗਤ ਸਿੰਘ ਜੀ ਮਿੱਠੇ ਟਿਵਾਣੇ ਵਾਲੇ | 16 ਜੁਲਾਈ | ------- |
| ★ ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ | ------- | 21 ਜੁਲਾਈ |
| ★ ਪ੍ਰਕਾਸ਼ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ | 27 ਜੁਲਾਈ | 23 ਜੁਲਾਈ |
| ★ ਸ਼ਹੀਦੀ ਸ੍ਰ: ਊਧਮ ਸਿੰਘ ਜੀ | ------- | 31 ਜੁਲਾਈ |

## ਸੰਪਾਦਕੀ ਡੇਰੇਦਾਰਾਂ ਦੇ ਅਸਥਾਨਾਂ ਦਾ ਪ੍ਰਬੰਧਕੀ ਢਾਂਚਾ

ਭਾਰਤ ਅਨੰਤਕਾਲ ਤੋਂ ਧਾਰਮਿਕ ਤਰੰਗਾਂ ਵਿੱਚ ਜੀਵਿਆ ਹੈ । ਇਸ ਦੇਸ਼ ਦੇ ਰਾਜੇ ਮਹਾਰਾਜੇ ਰਾਜ-ਪਾਟ ਛੱਡਕੇ ਧਰਮ ਦੀ ਤਲਾਸ਼ ਵਿੱਚ ਰਹੇ ਹਨ । ਉਨ੍ਹਾਂ ਦੀ ਤਲਾਸ਼ ਕਰਕੇ ਪਤਾ ਚਲਦਾ ਸੀ ਕਿ ਧਨ, ਰਾਜ-ਪਾਟ, ਪਰਿਵਾਰ ਸਭ ਸਮੇਂ ਦੀਆਂ ਲੋੜਾਂ ਹਨ, ਜੀਵਨ ਦਾ ਲਕਸ਼ ਨਹੀਂ । ਇਸੇ ਕਰਕੇ ਹਜ਼ਾਰਾਂ ਸਾਲ ਤੋਂ ਧਾਰਮਿਕ ਉਮੰਗ ਸਿਖਰ ਤੇ ਨਹੀਂ' ਜਿਸ ਦਾ ਸਦਕਾ ਇਸ ਦੇਸ਼ ਵਿੱਚ ਕਦਮ-ਕਦਮ ਤੇ ਧਾਰਮਿਕ ਮੰਦਰ ਤਾਮੀਰ ਹੋਏ, ਜਿਨ੍ਹਾਂ ਦੇ ਗਗਨ ਚੁੰਬੀ ਕਲਸ਼ ਜੀਵਨ ਦੀਆਂ ਬੁਲੰਦੀਆਂ ਦਾ ਚਿੱਤਰਨ ਕਰਦੇ ਰਹੇ । ਪੱਛਮੀ ਸਭਿਅਤਾ ਦੇ ਪ੍ਰਭਾਵ ਹੇਠ ਭਾਰਤੀਆਂ ਨੇ ਵੀ ਆਪਣੀਆਂ ਲੋੜਾਂ ਇਸ ਕਦਰ ਵਧਾ ਲਈਆਂ ਕਿ ਸਮੁੱਚਾ ਜੀਵਨ ਇਸੇ ਵਿੱਚ ਖਚਿਤ ਹੋ ਕੇ ਰਹਿ ਗਿਆ । ਧਰਮ ਮੰਦਰਾਂ ਦੇ ਕਲਸ਼ ਗਗਨ ਮੰਡਲਾਂ ਨੂੰ ਛੂਹ ਰਹੇ ਹਨ ਅਤੇ ਜੀਵਨ ਰਸਤਾਲ ਵਿੱਚ ਚਲਿਆ ਗਿਆ ਹੈ । ਇਸ ਦਾ ਪ੍ਰਭਾਵ ਜਿੰਦਗੀ ਦੇ ਹਰ ਖਿੱਤੇ ਤੇ ਪੈਣਾ ਸੀ । ਲੋੜਾਂ ਦੀ ਘਾਟ ਤੇ ਸਤੁੰਸ਼ਟੀ ਕਰਕੇ ਜਿਥੇ ਦੇਸ਼ ਤਿਆਗ ਤੇ ਵੈਰਾਗ ਵਿੱਚ ਜਿਉਂਦਾ ਰਿਹਾ, ਉਥੇ ਲੋੜਾਂ ਦੇ ਵਧਣ ਨਾਲ ਤੇ ਅਸੰਤੁਸ਼ਟੀ ਕਰਕੇ ਚੋਰਾਂ ਤੇ ਬੇਈਮਾਨਾਂ ਦਾ ਦੇਸ਼ ਕਹਾਉਣ ਲੱਗ ਪਿਆ । ਸ਼ਕਤੀਸ਼ਾਲੀ ਤੇ ਅਸੰਤੁਸ਼ਟ ਮਨੁੱਖ ਆਗੂ ਬਣੇ ਹੋਏ ਹਨ, ਇਹੀ ਰਾਜਨੀਤੀ ਚਲਾ ਰਹੇ ਹਨ, ਇਹੀ ਧਾਰਮਿਕ ਅਸਥਾਨਾਂ ਨੂੰ ਚਲਾ ਰਹੇ ਹਨ ਇਸੇ ਕਰਕੇ ਧਾਰਮਿਕ ਰੂਪ ਲੁਪਤ ਹੁੰਦਾ ਜਾ ਰਿਹਾ ਹੈ । ਅਨਮਤੀਆਂ ਦੇ ਧਾਰਮਿਕ ਮਠ ਤੇ ਮੰਦਰ, ਪੁਜਾਰੀ, ਮਹੰਤ ਤੇ ਕਿਧਰੇ-ਕਿਧਰੇ ਸਥਾਨਕ ਬਣੀਆਂ ਕਮੇਟੀਆਂ ਚਲਾ ਰਹੀਆਂ ਹਨ । ਰੂ-ਬ-ਰੂ ਸਿੱਖ ਧਰਮ ਦੇ ਗੁਰਦੁਆਰੇ, ਡੇਰੇਦਾਰਾਂ ਅਤੇ ਨਿੱਜੀ ਕਮੇਟੀਆਂ ਦੇ ਅਧੀਨ ਚਲ ਰਹੇ ਹਨ । ਗੁਰਦੁਆਰਿਆਂ ਵਿੱਚ ਵੱਡੇ ਤੇ ਛੋਟੇ ਇਤਿਹਾਸਕ ਗੁਰਦੁਆਰੇ ਆਉਂਦੇ ਹਨ । ਡੇਰਿਆਂ ਦੀ ਰੂਪ-ਰੇਖਾ ਵੀ ਇਹੀ ਹੈ ।

ਕੁੱਝ ਡੇਰੇਦਾਰਾਂ ਨੂੰ ਛੱਡਕੇ ਬਾਕੀਆਂ ਨੇ ਆਪਣੀਆਂ ਲੋੜਾਂ ਇਤਨੀਆਂ ਵਧਾ ਲਈਆਂ ਹਨ ਕਿ ਉਨ੍ਹਾਂ ਦੀ ਸ਼ਕਤੀ ਤੇ ਸਮਾਂ, ਡੇਰਿਆਂ ਦੀਆਂ ਤੇ ਆਪਣੀਆਂ ਨਿੱਜੀ ਲੋੜਾਂ ਦੀ ਪੂਰਤੀ ਵਿੱਚ ਖਰਚ ਹੋ ਜਾਂਦਾ ਹੈ । ਧਰਮ ਇਨ੍ਹਾਂ ਦੀ ਦ੍ਰਿਸ਼ਟੀ ਵਿੱਚ ਵਿਕਾਊ ਮਾਲ ਹੈ । ਜੋ ਵੱਧ ਮੁੱਲ ਪਾਉਂਦਾ ਹੈ, ਉਸ ਦੀ ਖਾਤਰ-ਤਵਾਜ਼ਾ ਹੁੰਦੀ ਹੈ, ਬਾਕੀਆਂ ਨੂੰ ਨਜ਼ਰ-ਅੰਦਾਜ਼ ਕੀਤਾ ਜਾਂਦਾ ਹੈ । ਡੇਰੇਦਾਰ ਕਿਉਂਕਿ ਡੇਰਿਆਂ ਵਿੱਚ ਹੀ ਰਹਿੰਦੇ ਹਨ ਤੇ ਆਏ-ਗਏ ਦਾ ਉਸ ਦੀ ਹੈਸੀਅਤ ਮੁਤਾਬਕ ਖਿਆਲ ਰਖਦੇ

ਹਨ, ਕਥਾ ਕੀਰਤਨ ਦਾ ਪ੍ਰਵਾਹ ਚਲਾਈ ਰਖਦੇ ਹਨ, ਜਿਸ ਕਰਕੇ ਆਮ ਸੰਗਤਾਂ ਵਿੱਚ ਉਨ੍ਹਾਂ ਦੀ ਛਾਪ ਬਣੀ ਰਹਿੰਦੀ ਹੈ। ਸੰਗਤਾਂ ਦਾ ਇਕ ਵੱਡਾ ਹਿੱਸਾ ਇਨ੍ਹਾਂ ਨਾਲ ਜੁੜਿਆ ਰਹਿੰਦਾ ਹੈ, ਜਿਸ ਕਰਕੇ ਰਾਜਨੀਤਿਕ ਲੋਕ ਵੀ ਵੋਟਾਂ ਦੇ ਵੱਸ, ਇਨ੍ਹਾਂ ਦੀ ਖੁਸ਼ਾਮਦ ਲਈ ਇਨ੍ਹਾਂ ਦੀ ਪਰਕਰਮਾ ਕਰਦੇ ਹਨ। ਦੋਨਾਂ ਦਾ ਸੰਪਰਕ ਅਹੰਕਾਰ-ਪੂਰਤੀ ਤੇ ਸੁਆਰਥ-ਪੂਰਤੀ ਤੇ ਹੁੰਦਾ ਹੈ। ਰਾਜਨੀਤਕ, ਡੇਰੇਦਾਰ ਦੇ ਨਾਮ ਤੇ ਵੋਟਾਂ ਬਟੋਰਦਾ ਹੈ ਤੇ ਡੇਰੇਦਾਰ, ਰਾਜਨੀਤਕ ਨੂੰ ਆਪਣੇ ਕਦਮਾਂ ਤੇ ਝੁਕਿਆ ਦੱਸਦਾ ਹੈ। ਭੋਲੀਆਂ ਸੰਗਤਾਂ ਦੋਨਾਂ ਦੇ ਜਾਲ ਵਿੱਚ ਫਸੀਆਂ ਦਿਸਦੀਆਂ ਹਨ। ਇਸ ਤਰ੍ਹਾਂ ਗੁਰਮਤਿ ਸੰਦੇਸ਼ ਦੇ ਗੁਰੂ ਦਾ ਗਿਆਨ ਓਹਲੇ ਰੱਖ ਦਿੱਤਾ ਜਾਂਦਾ ਹੈ। ਹੱਥ ਦੀਆਂ ਉਂਗਲਾਂ ਤੇ ਗਿਣੇ ਜਾਣ ਵਾਲੇ ਉਹ ਡੇਰੇਦਾਰ ਜੋ ਗੁਰੂ-ਚਿਤੰਨ ਕਰਕੇ ਸਤੁੰਸ਼ਟ ਹਨ ਤੇ ਜਿਨ੍ਹਾਂ ਨੇ ਲੋੜਾਂ ਨੂੰ ਘਟਾਇਆ ਹੋਇਆ ਹੈ, ਉਨ੍ਹਾਂ ਵਿੱਚ ਪਖੰਡ ਦਾ ਅਡੰਬਰ ਰਚ, ਦੂਜਿਆਂ ਤੇ ਪ੍ਰਭਾਵ ਪਾਉਣ ਦੀ ਰੁਚੀ ਨਹੀਂ ਹੁੰਦੀ, ਬਲਕਿ ਉਨ੍ਹਾਂ ਦੀ ਨਾਮ-ਰਸ ਵਾਲੀ ਜ਼ਿੰਦਗੀ ਦਾ ਆਪਣੇ-ਆਪ ਹੀ ਪ੍ਰਭਾਵ ਪੈਂਦਾ ਹੈ। ਪਰੰਤੂ ਇਹ ਨਾਮ-ਮਾਤਰ ਹੀ ਹਨ। ਬਹੁਤੇ ਡੇਰੇਦਾਰਾਂ ਦਾ ਪ੍ਰਬੰਧਕੀ ਢਾਂਚਾ ਆਪਣੇ-ਆਪ ਨੂੰ ਪ੍ਰਗਟ ਕਰਨ ਵਿੱਚ ਲੱਗਿਆ ਹੋਇਆ ਹੈ। ਜੀਵਨ ਵਿੱਚ ਗੁਰੂ ਦੀ ਜੋਤ ਪ੍ਰਗਟ ਹੋਵੇ, ਬਾਣੀ ਤੇ ਬਾਣਾ ਤਨ ਤੇ ਝਲਕੇ ਐਸੀ ਇਨ੍ਹਾਂ ਦੀ ਧਾਰਨਾ ਨਹੀਂ ਹੈ। ਕੁਲ ਮਿਲਾਕੇ ਇਨ੍ਹਾਂ ਪੰਜਾਂ ਦਹਾਕਿਆਂ ਵਿੱਚ ਕੋਈ ਕੌਮ ਉਸਾਰੂ ਕੰਮ ਨਹੀਂ ਹੋਇਆ ਇਹ ਸਿਰਫ ਮਕਰਾਣੇ ਦੇ ਮਾਰਬਲ, ਮਹਾਂਰਾਸ਼ਟਰ ਦੇ ਸਾਗਵਾਨ, ਈਰਾਨ ਦੇ ਕਾਲੀਨ ਤੇ ਵਿਦੇਸ਼ੀ ਕਾਰਾਂ ਦੇ ਹੀ ਡੇਰੇ ਬਣ ਗਏ। ਇਸ ਸੰਪਤੀ ਕਰਕੇ ਤੇ ਸੰਪਤੀ ਦੀ ਗੱਦੀ ਹੋਣ ਕਰਕੇ ਸਾਧ ਲੜਦੇ-ਝਗੜਦੇ ਦੇਖੇ ਗਏ, ਅਦਾਲਤਾਂ ਵਿੱਚ ਮੁਕੱਦਮੇ ਬਾਜ਼ੀ ਕਰਦੇ ਵੇਖੇ ਗਏ। ਅੰਹਕਾਰ ਦੀ ਪੂਰਤੀ ਲਈ ਤੇ ਵਾਸ਼ਨਾ ਦੀ ਪੂਰਤੀ ਲਈ ਜੋ ਗ੍ਰਿਹਸਥੀਆਂ ਨੂੰ ਕਰਨਾ ਚਾਹੀਦਾ ਹੈ, ਇਹ ਡੇਰੇਦਾਰ ਕਰਦੇ ਹਨ, ਜਿਸ ਕਰਕੇ ਉਨ੍ਹਾਂ ਦੀ ਜ਼ਿੰਦਗੀ ਤੋਂ ਤਿਆਗ ਅਤੇ ਵੈਰਾਗ ਦੀ ਜ਼ਿੰਦਗੀ ਦੀ ਛਾਪ ਸੰਗਤ ਨੂੰ ਨਹੀਂ ਮਿਲਦੀ। ਜ਼ਿੰਦਗੀ ਬੱਦਲੀਆਂ ਦੀ ਛਾਂ ਦੀ ਤਰ੍ਹਾਂ ਅਸਰ ਸੰਗਤਾਂ ਤੋਂ ਉਠ ਜਾਂਦਾ ਹੈ ਤੇ ਧੁੱਪ ਤੋਂ ਸਤਾਏ ਲੋਕ ਇਨ੍ਹਾਂ ਬਦਲੀਆਂ ਪਿਛੇ ਦੌੜੇ ਫਿਰਦੇ ਹਨ, ਜੋ ਨਾਂ ਵਰ੍ਹਦੀਆਂ ਹਨ ਤੇ ਨਾ ਟਿਕਦੀਆਂ ਹਨ।

ਚਮਨ ਸਿੰਘ 'ਚਮਨ'
ਮੁੱਖ ਸੰਪਾਦਕ

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਗੁਰਤਾਗੱਦੀ
ਦਿਹਾੜੇ ਨੂੰ ਸਮਰਪਿਤ ਅਤੇ
ਮਹੰਤ ਬਾਬਾ ਹਰੀ ਸਿੰਘ ਜੀ ਅਤੇ ਮਹੰਤ ਬਾਬਾ ਭਗਤ ਸਿੰਘ ਜੀ ਦੀ
123 ਵੀਂ ਅਤੇ 101 ਵੀਂ ਯਾਦ ਵਿੱਚ

# ਸਾਲਾਨਾ ਯੱਗ ਸਮਾਗਮ

14-15-16 ਜੁਲਾਈ 2008 ਦਿਨ ਸੋਮਵਾਰ ਮੰਗਲਵਾਰ ਅਤੇ ਬੁੱਧਵਾਰ
ਮੁਤਾਬਿਕ ਪਹਿਲੀ ਸਾਵਣ ਨੂੰ

## ਗੁਰਦੁਆਰਾ ਡੇਰਾ ਹਰੀ ਭਗਤ ਪੁਰਾ (ਮਿੱਠਾ ਟਿਵਾਣਾ) ਵਿਖੇ

ਬੜੀ ਸ਼ਰਧਾ-ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ । ਇਸ ਸਮਾਗਮ ਵਿੱਚ ਸ੍ਰੀ ਹਜ਼ੂਰ ਬਾਬਾ ਸਰਬਜੋਤ ਸਿੰਘ ਜੀ ਬੇਦੀ ਸਮੂਹ ਸੇਵਾ ਪੰਥੀ ਮਹਾਂਪੁਰਖ, ਉਦਾਸੀ, ਨਿਰਮਲੇ ਮਹਾਂਪੁਰਖਾਂ ਤੋਂ ਇਲਾਵਾ ਹੇਠ ਲਿਖੇ ਰਾਗੀ ਜੱਥੇ ਕਥਾ ਤੇ ਕੀਰਤਨ ਦੁਆਰਾ ਸੰਗਤਾਂ ਦੇ ਸਨਮੁਖ ਹੋਣਗੇ ਜੀ ।

## ਪੁੱਜ ਰਹੇ ਪੰਥ ਪ੍ਰਸਿੱਧ ਕੀਰਤਨੀ ਜੱਥੇ

ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ, ਸੰਤ ਅਨੂਪ ਸਿੰਘ ਜੀ ਊਨਾ ਸਾਹਿਬ ਵਾਲੇ ਭਾਈ ਦਵਿੰਦਰ ਸਿੰਘ ਜੀ ਸੋਢੀ, ਭਾਈ ਤਜਿੰਦਰ ਸਿੰਘ ਜੀ ਖੰਨੇ ਵਾਲੇ, ਭਾਈ ਲਖਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਓਂਕਾਰ ਸਿੰਘ ਜੀ ਊਨਾ ਸਾਹਿਬ, ਭਾਈ ਅਮਰਜੀਤ ਸਿੰਘ ਜੀ ਪਟਿਆਲਾ, ਭਾਈ ਪਿਆਰਾ ਸਿੰਘ ਜੀ ਹਜ਼ੂਰੀ ਰਾਗੀ, ਭਾਈ ਸਵਰਨ ਸਿੰਘ ਜੀ ਹਜ਼ੂਰੀ ਰਾਗੀ, ਭਾਈ ਮੇਜਰ ਸਿੰਘ ਜੀ ਰਾਗੀ, ਭਾਈ ਗੁਰਤਾਰ ਸਿੰਘ ਜੀ ਰਾਗੀ, ਭਾਈ ਬਿਕਰਮ ਸਿੰਘ ਜੀ ਹਜ਼ੂਰੀ ਰਾਗੀ, ਭਾਈ ਤਰਨਦੀਪ ਸਿੰਘ ਜੀ ਹਜ਼ੂਰੀ ਰਾਗੀ, ਭਾਈ ਪ੍ਰਕਾਸ਼ ਸਿੰਘ ਜੀ ਹਜ਼ੂਰੀ ਰਾਗੀ, ਭਾਈ ਬਹਾਦਰ ਸਿੰਘ ਜੀ ਕਥਾ ਵਾਚਕ, ਗੁਰਮਤਿ ਸੰਗੀਤ ਵਿਦਿਆਲਾ (ਮਿੱਠਾ ਟਿਵਾਣਾ) ਦੇ ਬੱਚੇ

ਜ਼ਰੂਰੀ ਬੇਨਤੀ : 1) ਸਮਾਗਮ ਦੌਰਾਨ ਆਪਣੇ ਪਰਸ ਅਤੇ ਮੋਬਾਇਲ ਫੋਨ ਦਾ ਵਿਸ਼ੇਸ ਖਿਆਲ ਰੱਖਣਾ ਜੀ । (2) ਬੀਬੀਆਂ ਦੀ ਸੇਵਾ ਵਿੱਚ ਬੇਨਤੀ ਹੈ ਕਿ ਸਮਾਗਮ ਦੌਰਾਨ ਗਹਿਣੇ ਪਾ ਕੇ ਨਾ ਆਉਣ ਜੀ ।

### ਗੁਰੂ ਕਾ ਲੰਗਰ ਮਾਲ੍ਹ ਪੂੜਿਆਂ ਸਮੇਤ ਅਤੁੱਟ ਵਰਤੇਗਾ ।

ਦਰਸ਼ਨ ਅਭਿਲਾਸੀ :-
ਸੰਤ ਸਤਿਨਾਮ ਸਿੰਘ ਜੀ ਸੇਵਾਪੰਥੀ
ਸੰਤ ਅਜੀਤ ਸਿੰਘ ਸੇਵਾ ਪੰਥੀ

ਨਾਮ ਰਸੀਆਂ ਦਾ ਨਿਮਾਣਾ ਸੇਵਕ :-
ਮਹੰਤ ਪ੍ਰਿਤਪਾਲ ਸਿੰਘ ਸੇਵਾਪੰਥੀ
ਅਤੇ ਸਮੂਹ ਸੇਵਾਦਾਰ

## ਗੁਰਦੁਆਰਾ ਡੇਰਾ ਹਰੀ ਭਗਤ ਪੁਰਾ (ਮਿੱਠਾ ਟਿਵਾਣਾ)

## ਮਾਡਲ ਟਾਊਨ, ਹੁਸ਼ਿਆਰਪੁਰ ।

ਫੋਨ 01882-221547- 222521

ਸਤਿਗੁਰ ਨੋ ਸਭ ਕੋ ਵੇਖਦਾ ਜੇਤਾ ਜਗਤ ਸੰਸਾਰ ॥
ਡਿਠੈ ਮੁਕਤਿ ਨਾ ਹੋਵਈ ਜਿਚਰ ਸਬਦਿ ਨਾ ਕਰੈ ਵੀਚਾਰ ॥

## ਸੇਵਾ ਪੰਥੀ ਗੁਰਮਤਿ ਵਿਦਿਆਲਾ ਵੱਲੋਂ
## ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ (ਬਠਿੰਡਾ) ਵਿਖੇ

27, 28 ਸਤੰਬਰ, 2008 ਦਿਨ ਸ਼ਨੀਵਾਰ ਅਤੇ ਐਤਵਾਰ ਨੂੰ
ਸਵੇਰੇ 9 ਵਜੇ ਤੋਂ

# ਕੰਠ ਸ਼ੁੱਧ ਗੁਰਬਾਣੀ ਅਤੇ ਅਰਥ ਬੋਧ ਮੁਕਾਬਲੇ

ਮੁਕਾਬਲੇ ਨਿੱਤ ਨੇਮ ਦੀਆਂ ਬਾਣੀਆਂ (ਜਪੁ ਜੀ, ਜਾਪ ਸਾਹਿਬ, ਤ੍ਵ ਪ੍ਰਸਾਦਿ ਸਵੱਯੇ (ਸ੍ਰਾਵਗ ਸੁਧ ਵਾਲੇ), ਅਨੰਦੁ ਸਾਹਿਬ, ਰਹਰਾਸਿ ਸਾਹਿਬ (ਕਬਯੋ ਬਾਚ ਬੇਨਤੀ ਚੌਪਈ) ਅਤੇ ਸੋਹਿਲਾ ਸਾਹਿਬ ਜੀ) ਦੇ ਕੰਠ ਸ਼ੁੱਧ ਗੁਰਬਾਣੀ ਅਤੇ ਅਰਥ ਬੋਧ ਮੁਕਾਬਲੇ ਕਰਵਾਏ ਜਾ ਰਹੇ ਹਨ।

* ਮੁਕਾਬਲੇ ਦੇ ਜੇਤੂਆਂ ਨੂੰ ਪਹਿਲਾ ਇਨਾਮ 3100/-, ਦੂਜਾ ਇਨਾਮ 2100/-, ਤੀਜਾ ਇਨਾਮ 1100/- ਨਾਲ ਸਿਰਪਾਓ ਮੋਮੈਂਟੋ ਤੇ ਪ੍ਰਮਾਣ ਪੱਤਰ ਦਿੱਤੇ ਜਾਣਗੇ।

* ਪ੍ਰਵੇਸ਼ ਫਾਰਮ ਦੀ ਕੀਮਤ 20/- ਹੋਵੇਗੀ ਜੋ 15 ਸਤੰਬਰ 2008 ਤੱਕ ਭਰਕੇ ਪਹੁੰਚਣੇ ਚਾਹੀਦੇ ਹਨ।

* ਲੰਗਰ ਤੇ ਰਿਹਾਇਸ਼ ਦਾ ਪ੍ਰਬੰਧ ਪ੍ਰਬੰਧਕਾਂ ਵੱਲੋਂ ਹੋਵੇਗਾ।

**ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :**
**94632-58716, 98771-50973, 98557-23895**

ਸਹਿਯੋਗੀ ਤੇ ਸਰਪ੍ਰਸਤ :

## ਮਹੰਤ ਕਾਹਨ ਸਿੰਘ 'ਸੇਵਾ ਪੰਥੀ'

ਨੰ: 18/147/2007-ਜੀ ਸੀ(6) 21337

ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ
(ਆਮ ਤਾਲਮੇਲ ਸ਼ਾਖਾ)

ਸੇਵਾ ਵਿਖੇ,

1. ਸਮੂਹ ਵਿਭਾਗਾਂ ਦੇ ਮੁਖੀ, ਪੰਜਾਬ,
2. ਸਮੂਹ ਮੰਡਲਾਂ ਦੇ ਕਮਿਸ਼ਨਰਜ਼ ਅਤੇ ਡਿਪਟੀ ਕਮਿਸ਼ਨਰਜ਼,
3. ਸਮੂਹ ਬੋਰਡਾਂ ਦੇ ਚੇਅਰਮੈਨ ਅਤੇ ਕਾਰਪੋਰੇਸ਼ਨਾਂ ਦੇ ਮੈਨੇਜਿੰਗ ਡਾਇਰੈਕਟਰਜ਼।

ਮਿਤੀ, ਚੰਡੀਗੜ੍ਹ 6/12/07

ਵਿਸ਼ਾ:- ਭਾਈ ਘਨ੍ਹਈਆ ਜੀ ਦੀ ਬਰਸੀ ਨੂੰ ਮਾਨਵ ਸੇਵਾ ਸਕੰਲਪ ਦਿਵਸ ਦੇ ਤੌਰ ਤੇ ਮਨਾਉਣ ਬਾਰੇ।

...

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਭਾਈ ਘਨ੍ਹਈਆ ਜੀ ਮਿਸ਼ਨ ਵੱਲੋਂ ਹੁਣ ਤੱਕ ਕਈ ਖੂਨਦਾਨ ਕੈਂਪ, ਡਾਕਟਰੀ ਸਹਾਇਤਾ ਕੈਂਪ, ਨਸ਼ਿਆਂ ਵਿਰੁੱਧ ਜਾਗਰੂਕਤਾ ਕੈਂਪ, ਏਡਜ਼ ਸਬੰਧੀ ਜਾਣਕਾਰੀ ਕੈਂਪ ਅਤੇ ਸੇਵਾ ਦੇ ਵਿਸ਼ੇ ਤੇ ਸੈਮੀਨਾਰ ਆਦਿ ਆਯੋਜਿਤ ਕੀਤੇ ਗਏ ਹਨ। ਇਸ ਮਿਸ਼ਨ ਦਾ ਮੁੱਖ ਉਦੇਸ਼ ਮਾਨਵ ਸੇਵਾ ਕਰਨਾ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਅਗਲੇ ਸਾਲ ਮਿਤੀ 20 ਸਤੰਬਰ-2008 ਨੂੰ ਭਾਈ ਘਨ੍ਹਈਆ ਜੀ ਦੀ ਬਰਸੀ ਨੂੰ ਮਾਨਵ ਸੇਵਾ ਸਬੰਧੀ ਸਕੰਲਪ ਦਿਵਸ ਦੇ ਤੌਰ ਤੇ ਮਨਾਉਂਦੇ ਹੋਏ ਇਸ ਵਿਭਾਗ ਵਲੋਂ ਜਾਰੀ ਪੱਤਰ ਨੰ: 18/20/99-ਜੀ.ਸੀ.6/6713, ਮਿਤੀ 24-4-2000 (ਕਾਪੀ ਨੱਥੀ) ਵਿੱਚ ਦਰਸਾਈਆਂ ਲੀਹਾਂ ਦੇ ਆਧਾਰ ਤੇ ਕੈਂਪ ਆਯੋਜਿਤ ਕੀਤੇ ਜਾਣ।

ਅਧੀਨ ਸਕੱਤਰ ਤਾਲਮੇਲ

ਇਸ ਦਾ ਇਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਤਾਲਮੇਲ

ਸੇਵਾ ਵਿਖੇ,

ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ, ਪੰਜਾਬ।

ਅੰ ਵਿ ਪੱ ਨੰ. 18/147/2007-ਜੀ ਸੀ 6/21338 ਮਿਤੀ, ਚੰਡੀਗੜ੍ਹ 6/12/07

# ਪ੍ਰੋਗਰਾਮ ਪ੍ਰਚਾਰ-ਯਾਤਰਾ ਜੁਲਾਈ 2008

ਮਹੰਤ ਭਾਈ ਕਾਹਨ ਸਿੰਘ ਜੀ 'ਸੇਵਾ ਪੰਥੀ' / ਸੰਤ ਰਣਜੀਤ ਸਿੰਘ ਜੀ 'ਸੇਵਾ ਪੰਥੀ
ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਫੋਨ : 0164-2262012, 2262051 ਫੈਕਸ : 2262657
ਮੋਬਾਇਲ : 98140-04503 (ਮਹੰਤ ਜੀ), 98140-35191 (ਸੰਤ ਰਣਜੀਤ ਸਿੰਘ)

| ਮਿਤੀ | ਨਗਰ | ਪਤਾ ਤੇ ਪ੍ਰੋਗਰਾਮ |
|---|---|---|
| 4-7-2008 | ਲੁਧਿਆਣਾ | ਪਾਠ ਸਮਾਪਤੀ (ਕਥਾ-10:00 ਤੋਂ 11:00 ਵਜੇ ਤੱਕ)<br>(ਅਗਮਦੀਪ ਸਿੰਘ ਦੀ ਯਾਦ ਵਿੱਚ)<br>123-ਬੀ, ਮਾਡਲ ਟਾਊਨ ਐਕਸਟੈਂਸ਼ਨ<br>ਪਾਰਟ-2, ਫੋਨ : 0161-2456500 |
| 13-7-2008 ਤੋਂ<br>15-7-2008 ਤੱਕ | ਡੇਰਾ ਮਿੱਠਾ ਟਿਵਾਣਾ<br>(ਹੁਸ਼ਿਆਰਪੁਰ) | ਸਾਲਾਨਾ ਯੱਗ-ਸਮਾਗਮ<br>(ਮਹੰਤ ਬਾਬਾ ਹਰੀ ਸਿੰਘ ਜੀ ਅਤੇ ਮਹੰਤ ਬਾਬਾ ਭਗਤ ਸਿੰਘ ਦੀ ਯਾਦ ਵਿੱਚ)<br>ਮਹੰਤ ਪ੍ਰਿਤਪਾਲ ਸਿੰਘ<br>ਮੋਬਾਇਲ : 98140-66012<br>ਫੋਨ 01882-221547, 222521 |
| 16-7-2008 | ਸੰਗਰਾਂਦ ਦਾ ਮਾਸਿਕ ਸਮਾਗਮ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ | |
| 17-7-2008 | ਅੰਬਾਲਾ | ਮਹੂਰਤ ਮਕਾਨ<br>ਅਮਰਜੀਤ ਸਿੰਘ, ਬਰਿੰਦਰਪਾਲ ਸਿੰਘ ਮੱਕੜ<br>461/11 ਮੰਡੀ ਬਲੀਰਾਮ, ਨੇੜੇ ਕੱਪੜਾ ਮਾਰਕੀਟ, ਮੋਬਾ : 094663-60556 |
| 18-7-2008 | ਅੰਬਾਲਾ ਸ਼ਹਿਰ | ਅਖੰਡ ਪਾਠ ਸਮਾਪਤੀ<br>ਸ: ਸੁਰਜੀਤ ਸਿੰਘ ਸਪੁੱਤਰ ਸ: ਪੁਨੀਤ ਸਿੰਘ, ਮਾਨਵ ਚੌਂਕ,<br>ਮੋਬਾ : 094665-78309 |
| 16-7-2008 ਤੋਂ<br>20-7-2008 ਤੱਕ | ਦਿੱਲੀ | ਸੰਪਟ ਅਖੰਡ ਪਾਠ (ਬੱਚੇ ਅਗਮ ਸਿੰਘ ਦੀ ਦੇਹ ਅਰੋਗਤਾ ਲਈ)<br>ਸ: ਦਲਜੀਤ ਸਿੰਘ ਚੱਢਾ<br>ਬੀ-108/1, ਈਸਟ ਆਫ਼ ਕੈਲਾਸ਼, ਨਵੀਂ ਦਿੱਲੀ-65, ਮੋਬਾ : 093122-43440,<br>ਫੋਨ : 26913483, 41622148 |

# ਸੁਖਮਨੀ ਸਾਹਿਬ

- ਮਹੰਤ ਕਾਹਨ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਸਤਿ ਬਚਨ ਸਾਧੂ ਉਪਦੇਸ ॥
ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ ॥
ਸਤਿ ਨਿਰਤਿ ਬੂਝੈ ਜੇ ਕੋਇ ॥
ਨਾਮੁ ਜਪਤ ਤਾ ਕੀ ਗਤਿ ਹੋਇ ॥
ਆਪਿ ਸਤਿ ਕੀਆ ਸਭੁ ਸਤਿ ॥
ਆਪੇ ਜਾਨੈ ਅਪਨੀ ਮਿਤਿ ਗਤਿ ॥
ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥
ਅਵਰ ਨ ਬੂਝਿ ਕਰਤ ਬੀਚਾਰੁ ॥
ਕਰਤੇ ਕੀ ਮਿਤਿ ਨ ਜਾਨੈ ਕੀਆ ॥
ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥੮॥

ਸਤਿ ਬਚਨ ਸਾਧੂ ਉਪਦੇਸ ॥
ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ ॥

**ਅਰਥ:** ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਪਉੜੀ ਰਾਂਹੀ ਸਮਝਾਉਂਦੇ ਹਨ ਕਿ ਸਾਧੂ ਗੁਰੂ ਦਾ ਜੋ ਉਪਦੇਸ਼ ਹੈ ਉਹ ਸੱਚੇ ਬਚਨ ਹਨ ਤੇ ਉਹ ਮਨੁੱਖ ਵੀ ਸੱਚੇ ਸੁੱਚੇ ਹਨ ਜਿਨ੍ਹਾਂ ਦੇ ਹਿਰਦੇ ਵਿੱਚ ਗੁਰੂ ਦੇ ਸੱਚੇ ਬਚਨ ਪ੍ਰਵੇਸ਼ ਕਰਦੇ ਹਨ ਭਾਵ ਜੋ ਮਨੁੱਖ ਗੁਰੂ ਦੇ ਬਚਨਾਂ ਨੂੰ ਮੰਨਣਾ ਕਰਦੇ ਹਨ ।

ਸਤਿ ਨਿਰਤਿ ਬੂਝੈ ਜੇ ਕੋਇ ॥

ਨਾਮੁ ਜਪਤ ਤਾ ਕੀ ਗਤਿ ਹੋਇ ॥

**ਅਰਥ** : ਜੇ ਕੋਈ ਜੀਵ ਸੱਤ ਅਤੇ ਅਸੱਤ ਦੇ ਨਿਰਨੇ ਨੂੰ ਸਮਝਦਾ ਹੈ ਅਤੇ ਨਾਮ ਨੂੰ ਜਪਦਾ ਹੈ ਤਾਂ ਉਸ ਦੀ ਗਤਿ (ਮੁਕਤੀ) ਹੋ ਜਾਂਦੀ ਹੈ ।

ਆਪਿ ਸਤਿ ਕੀਆ ਸਭੁ ਸਤਿ ॥

ਆਪੇ ਜਾਨੈ ਅਪਨੀ ਮਿਤਿ ਗਤਿ ॥

**ਅਰਥ** : ਅੱਗੇ ਕਹਿੰਦੇ ਹਨ ਕਿ ਉਹ ਪ੍ਰਭੂ ਪ੍ਰਮਾਤਮਾ ਸਤਿ ਸੱਚ ਹੈ ਅਤੇ ਉਸਦਾ ਸਭ ਕੁਝ ਕੀਤਾ ਹੋਇਆ ਵੀ ਸੱਚ ਹੈ ਉਹ ਪ੍ਰਭੂ ਆਪਣੀ ਗਤਿ ਮਿਤਿ (ਮਰਯਾਦਾ) ਆਪ ਹੀ ਜਾਣਦਾ ਹੈ ।

ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥

ਅਵਰ ਨ ਬੂਝਿ ਕਰਤ ਬੀਚਾਰੁ ॥

**ਅਰਥ** : ਜਿਸ ਪ੍ਰਭੂ ਦੀ ਇਹ ਸ੍ਰਿਸਟੀ ਸਾਜੀ ਹੋਈ ਹੈ ਉਹ ਆਪਣੇ ਆਪ ਹੀ ਇਸ ਦੀ ਰਚਨਾ ਨੂੰ ਰਚਦਾ ਹੈ ਭਾਵ ਉਹ ਕਿਸੇ ਹੋਰ ਨੂੰ ਪੁੱਛਕੇ ਇਸ ਸ੍ਰਿਸ਼ਟੀ ਨੂੰ ਸਾਜਣ ਦੀ ਸਲਾਹ ਜਾਂ ਵੀਚਾਰ ਨਹੀ ਕਰਦਾ ।

ਕਰਤੇ ਕੀ ਮਿਤਿ ਨ ਜਾਨੈ ਕੀਆ ॥

ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥੭॥

**ਅਰਥ** : ਕਰਤੇ ਪੁਰਖ ਦੀ ਮਿਤਿ (ਮਰਯਾਦਾ) ਨੂੰ ਕੋਈ ਹੋਰ ਜੀਵ ਜੋ ਉਸਦਾ ਪੈਦਾ ਕੀਤਾ ਹੋਇਆ ਹੈ ਨਹੀ ਜਾਣ ਸਕਦਾ ਅਤੇ ਅਖੀਰ ਵਿੱਚ ਮਹਾਰਾਜ ਕਹਿੰਦੇ ਹਨ ਕਿ ਜੋ ਕੁਝ ਉਸ ਕਰਤਾ ਪੁਰਖ ਨੂੰ ਭਾਉਂਦਾ ਹੈ ਓਹੀ ਹੁੰਦਾ ਹੈ ।

(ਚਲਦਾ)

ੴ ਸਤਿਗੁਰ ਪ੍ਰਸਾਦਿ ॥

# ਗਉੜੀ ਬਾਵਨ ਅਖਰੀ ਮਹਲਾ ੫

- ਮਹੰਤ ਕਾਹਨ ਸਿੰਘ 'ਸੇਵਾ ਪੰਥੀ'

- ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਸਲੋਕੁ॥

ਪਤਿ ਰਾਖੀ ਗੁਰਿ ਪਾਰਬ੍ਰਹਮ ਤਜਿ ਪਰਪੰਚ ਮੋਹ ਬਿਕਾਰ ॥
ਨਾਨਕ ਸੋਊ ਆਰਾਧੀਐ ਅੰਤੁ ਨ ਪਾਰਾਵਾਰੁ ॥੧॥

ਪਉੜੀ॥

ਪਪਾ ਪਰਮਿਤਿ ਪਾਰੁ ਨ ਪਾਇਆ ॥
ਪਤਿਤ ਪਾਵਨ ਅਗਮ ਹਰਿ ਰਾਇਆ ॥
ਹੋਤ ਪੁਨੀਤ ਕੋਟ ਅਪਰਾਧੂ ॥
ਅੰਮ੍ਰਿਤ ਨਾਮੁ ਜਪਹਿ ਮਿਲਿ ਸਾਧੂ ॥
ਪਰਪਚ ਧ੍ਰੋਹ ਮੋਹ ਮਿਟਨਾਈ ॥
ਜਾ ਕਉ ਰਾਖਹੁ ਆਪਿ ਗੁਸਾਈ ॥
ਪਾਤਿਸਾਹੁ ਛਤ੍ਰ ਸਿਰ ਸੋਊ ॥
ਨਾਨਕ ਦੂਸਰ ਅਵਰੁ ਨ ਕੋਊ ॥੩੭॥

॥ ਸਲੋਕੁ ॥

ਪਤਿ ਰਾਖੀ ਗੁਰਿ ਪਾਰਬ੍ਰਹਮ ਤਜਿ ਪਰਪੰਚ ਮੋਹ ਬਿਕਾਰ ॥
ਨਾਨਕ ਸੋਊ ਆਰਾਧੀਐ ਅੰਤੁ ਨ ਪਾਰਾਵਾਰੁ ॥੧॥

ਪਦ ਅਰਥ :- ਗੁਰਿ-ਗੁਰੂ ਨੇ , ਤਜਿ-ਤਿਆਗ ਦਿੰਦਾ ਹੈ, ਪਰਪੰਚ-ਠੱਗੀ

ਅਰਥ : ਹੇ ਭਾਈ ! ਜਿਸ ਮਨੁੱਖ ਨੇ ਗੁਰੂ ਦੀ ਸ਼ਰਨ ਲੈਕੇ ਲੋਕਾਂ ਨਾਲ ਠੱਗੀ ਕਰਨੀ ਅਤੇ ਮੋਹ ਅਦਿਕ ਵਿਕਾਰ ਤਿਆਗ ਦਿੱਤੇ ਹਨ ਉਸ ਮਨੁੱਖ ਦੀ ਗੁਰੂ ਪਰਮੇਸ਼ਵਰ ਇੱਜਤ ਰੱਖਦਾ ਹੈ । ਗੁਰੂ ਨਾਨਕ ਦੇਵ ਜੀ ਮਾਹਰਾਜ ਉਪਦੇਸ਼ ਦਿੰਦੇ

ਹਨ ਕਿ ਉਸ ਗੁਰੂ ਪਾਰਬ੍ਰਹਮ ਨੂੰ ਸਦਾ ਆਰਾਧਨਾ ਚਾਹੀਦਾ ਹੈ ਜਿਸਦੇ ਗੁਣਾਂ ਦਾ ਅੰਤ ਨਹੀ ਪੈ ਸਕਦਾ ਜਿਸਦੀ ਹਸਤੀ ਦਾ ਉਰਲਾ-ਪਰਲਾ ਬੰਨਾ ਨਹੀਂ ਲੱਭ ਸਕਦਾ ।

ਪਉੜੀ ॥

ਪਪਾ ਪਰਮਿਤਿ ਪਾਰੁ ਨ ਪਾਇਆ ॥

ਪਤਿਤ ਪਾਵਨ ਅਗਮ ਹਰਿ ਰਾਇਆ ॥

**ਪਦ ਅਰਥ :-** ਪਰਮਿਤਿ -ਮਿਤਿ ਤੋਂ ਪਰੇ ਜਿਸ ਦੀ ਹਸਤੀ ਦਾ ਸਹੀ ਅੰਦਾਜਾ ਨਾ ਲੱਗ ਸਕੇ । ਪਤਿਤ-ਵਿਕਾਰਾਂ ਵਿੱਚ ਡਿੱਗੇ ਹੋਏ ।

ਅਰਥ : ਪਪੇ ਅੱਖਰ ਦੁਆਰਾ ਗੁਰੂ ਜੀ ਕਹਿੰਦੇ ਹਨ ਹਰੀ ਪ੍ਰਭੂ ਅਪਹੁੰਚ ਹੈ ਉਸ ਪਰਮਾਤਮਾ ਦੇ ਗੁਣਾਂ ਦਾ ਅੰਤ ਨਹੀ ਪਾਇਆ ਜਾ ਸਕਦਾ ਉਹ ਪ੍ਰਭੂ ਵਿਕਾਰਾਂ ਵਿੱਚ ਪਏ ਹੋਏ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਹੈ ।

ਹੋਤ ਪੁਨੀਤ ਕੋਟ ਅਪਰਾਧੂ ॥

ਅੰਮ੍ਰਿਤ ਨਾਮੁ ਜਪਹਿ ਮਿਲਿ ਸਾਧੂ ॥

ਅਰਥ:- ਕ੍ਰੋੜਾਂ ਹੀ ਉਹ ਅਪਰਾਧੀ ਪਵਿੱਤਰ ਹੋ ਜਾਂਦੇ ਹਨ ਜਿਹੜੇ ਗੁਰੂ ਨੂੰ ਮਿਲਕੇ ਗੁਰੂ ਦਾ ਆਤਮਿਕ ਜੀਵਨ ਦੇਣ ਵਾਲਾ ਨਾਮ ਜਪਦੇ ਹਨ ।

ਪਰ ਪਚ ਧ੍ਰੋਹ ਮੋਹ ਮਿਟ ਨਾਈ ॥

ਜਾ ਕਉ ਰਾਖਹੁ ਆਪਿ ਗੁਸਾਈ ॥

ਅਰਥ : ਗੁਰੂ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਜਿਸ ਮਨੁੱਖ ਦੀ ਤੂੰ ਆਪ ਰੱਖਿਆ ਕਰਦਾ ਹੈਂ ਤੇਰੀ ਸਿਫਤਿ-ਸਲਾਹ ਦੀ ਬਰਕਤਿ ਨਾਲ ਉਸ ਦੇ ਅੰਦਰੋਂ ਠੱਗੀ ਫਰੇਬ ਮੋਹ ਆਦਿਕ ਵਿਕਾਰ ਮਿਟ ਜਾਂਦੇ ਹਨ ।

ਪਾਤਿਸਾਹੁ ਛਤ੍ਰ ਸਿਰ ਸੋਊ

ਨਾਨਕ ਦੂਸਰ ਅਵਰੁ ਨ ਕੋਊ ॥੩੭॥

ਅਰਥ : ਗੁਰੂ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਉਹ ਪ੍ਰਭੂ ਸ਼ਾਹਾਂ ਦਾ ਸ਼ਾਹ ਹੈ ਉਹੀ ਅਸਲ ਛ੍ਰਤਧਾਰੀ ਪਾਤਸ਼ਾਹ ਹੈ ਕੋਈ ਹੋਰ ਦੂਜਾ ਉਸ ਦੀ ਬਰਾਬਰੀ ਕਰਨ ਯੋਗਾ ਨਹੀ ਹੈ ।

(ਚਲਦਾ)

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੇ ਪ੍ਰਭਾਵ

-ਡਾ. ਬਲਵੰਤ ਸਿੰਘ

ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਿੱਖ-ਪੰਥ ਦੀ ਧਾਰਮਿਕ ਤੇ ਸਿਆਸੀ ਜ਼ਿੰਦਗੀ ਉੱਪਰ ਅਮਿਟ ਛਾਪ ਛੱਡੀ ਹੈ । ਜਦੋਂ ਵੀ ਅਸੀਂ ਇਸ ਸੰਸਥਾ ਦੇ ਉਦੇ ਬਾਰੇ ਵਿਚਾਰ ਕਰਦੇ ਹਾਂ ਤਾਂ ਸਾਡਾ ਧਿਆਨ ਸਹਿਜੇ ਹੀ ਮੀਰੀ-ਪੀਰੀ ਦੇ ਸਿਧਾਂਤ ਵੱਲ ਖਿੱਚਿਆ ਜਾਂਦਾ ਹੈ । ਅਸਲ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਦੀ ਮੀਰੀ-ਪੀਰੀ ਦੇ ਸਿਧਾਂਤ ਨਾਲ ਅਟੁੱਟ ਰਿਸ਼ਤਾ ਹੈ । ਇਨ੍ਹਾਂ ਦੋਨਾਂ ਦੇ ਸਿੱਖ-ਪੰਥ ਦੇ ਰਾਜਨੀਤਿਕ ਦ੍ਰਿਸ਼ਟੀਕੋਣ ਨੂੰ ਨਿਰਧਾਰਿਤ ਕਰਨ ਵਿੱਚ ਬੜਾ ਯੋਗਦਾਨ ਪਾਇਆ ਹੈ । ਅੱਜ ਵੀ ਸਿੱਖ-ਪੰਥ ਦੀ ਰਾਜਨੀਤੀ ਤੇ ਇਸ ਦੇ ਰਾਜ ਪ੍ਰਤੀ ਰਵੱਈਏ ਨੂੰ ਸਮਝਣ ਲਈ ਮੀਰੀ-ਪੀਰੀ ਇਕ ਮੂਲ ਸਿਧਾਂਤ ਹੈ ਤੇ ਇਸ ਨੂੰ ਅਮਲ ਵਿੱਚ ਲਿਆਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਭੂਮਿਕਾ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਸਿੱਖ-ਪੰਥ ਦੇ ਧਾਰਮਿਕ ਤੇ ਰਾਜਨੀਤਿਕ ਅਧਿਕਾਰਾਂ ਲਈ ਮੁਗ਼ਲ ਸਰਕਾਰ ਨਾਲ ਲੜੇ ਸੈਨਿਕ ਸੰਘਰਸ਼ ਦੀ ਪ੍ਰਤੀਕ ਹੈ । ਇਸ ਦੀ ਸਥਾਪਨਾ ਦੇ ਫਲਸਰੂਪ ਸਿੱਖ-ਪੰਥ ਦੀ ਸੈਨਿਕ ਜਥੇਬੰਦੀ ਹੋਂਦ ਵਿੱਚ ਆਈ ਜਿਸ ਨੇ ਸਿੱਖ-ਪੰਥ ਨੂੰ ਜਬਰ-ਜ਼ੁਲਮ ਤੋਂ ਢੁੱਕਵੀਂ ਸੁਰੱਖਿਆ ਪ੍ਰਦਾਨ ਕੀਤੀ । ਇਸ ਸੰਸਥਾ ਨੇ ਸਿੱਖ-ਪੰਥ ਨੂੰ ਇਕ ਰਾਜਨੀਤਿਕ ਸ਼ਕਤੀ ਵਜੋਂ ਗਠਿਤ ਕਰਨ ਲਈ ਵੀ ਬੜਾ ਅਹਿਮ ਹਿੱਸਾ ਪਾਇਆ । ਸਿੱਖ-ਪੰਥ ਦੇ ਅਗਲੇਰੇ ਪੜਾਅ ਨੂੰ ਅਨੁਭਵ ਕਰਦਿਆਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਸਿੰਗਾਰੂ ਤੇ ਭਾਈ ਜੈਤੇ ਨੂੰ ਸੰਬੋਧਨ ਕਰਦਿਆਂ ਬਚਨ ਕੀਤਾ ਸੀ ਕਿ "ਅਸਾਂ ਜੋ ਸ਼ਸਤਰ ਪਕੜਨੇ ਹੈਨਿ, ਸੋ ਗੁਰੂ ਹਰਿਗੋਬਿੰਦ ਦਾ ਰੂਪ ਧਾਰ ਕੇ ਪਕੜਨੇ ਹੈਨਿ । ਸਮਾਂ ਕਲਯੁੱਗ ਦਾ ਵਰਤਣਾ ਹੈ । ਸ਼ਸਤਰਾਂ ਦੀ ਵਿੱਦਿਆ ਕਰ ਮੀਰ ਦੀ ਮੀਰੀ ਖਿੱਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਕਰ ਪੀਰ ਦੀ ਪੀਰੀ ਲੈ ਲੈਣੀ ਹੈ । ਤੁਸਾਂ ਛੇਵੇਂ ਪਾਤਸ਼ਾਹ ਦੇ ਹਜ਼ੂਰ ਰਹਿਣਾ ।" ਇਸੇ ਹੀ ਤਰ੍ਹਾਂ ਪੰਚਮ ਪਾਤਸ਼ਾਹ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਆਪਣੀ ਸ਼ਹੀਦੀ ਸੰਦੇਸ਼ ਵਿੱਚ ਹਿਦਾਇਤ ਦਿੱਤੀ ਸੀ ਕਿ ਤਖ਼ਤ ਸਥਾਪਤ ਕਰੋ ਤੇ ਯਥਾ-ਸ਼ਕਤ ਸੈਨਾ ਦਾ ਗਠਨ ਵੀ ਕਰੋ ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਪਰੋਕਤ ਆਦੇਸ਼ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੇ

ਮੀਰੀ-ਪੀਰੀ ਦੇ ਸਿਧਾਂਤ ਉੱਪਰ ਅਮਲ ਸਤਹੀ ਪੱਧਰ ਉੱਤੇ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਦੇ ਪ੍ਰਤੀਕੂਲ ਜਾਪਦਾ ਹੈ । ਸੰਸਾਰ-ਪ੍ਰਸਿੱਧ ਇਤਿਹਾਸਕਾਰ ਆਰਨੋਲਡ ਟਾਇਨਬੀ ਲਿਖਦਾ ਹੈ ਕਿ 'ਰਾਜਨੀਤੀ ਦੇ ਲੋਭ ਤੇ ਸ਼ਸਤਰਾਂ ਦੀ ਚਮਕ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਆਪਣੇ ਪੂਰਵਜਾਂ ਦੇ ਅਧਿਆਤਮਿਕ ਮਾਰਗ ਤੋਂ ਭਟਕਾ ਦਿੱਤਾ ਸੀ ਜਿਸ ਨਾਲ ਸਿੱਖ ਧਰਮ ਉੱਚੇ ਧਾਰਮਿਕ ਸ਼ਿਖਰ ਤੋਂ ਡਿੱਗ ਕੇ ਰਾਜਨੀਤੀ ਦੀ ਭੀੜੀ ਜਿਹੀ ਨਾਲੀ ਵਿੱਚ ਜਾ ਵੜਿਆ ।' ਅਜਿਹੇ ਵਿਦਵਾਨ ਵੀ ਹਨ ਜਿਨ੍ਹਾਂ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੈਨਿਕ ਸੰਘਰਸ਼ ਪਿੱਛੇ ਜੱਟ ਸਭਿਆਚਾਰ ਤੇ ਇਸ ਦਾ ਕਿਸਾਨੀ ਸੰਕਟ ਹੀ ਕ੍ਰਿਆਸ਼ੀਲ ਜਾਪਦੇ ਹਨ । ਇਹ ਵਿਚਾਰ ਵੀ ਸਾਹਮਣੇ ਆਇਆ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੰਗਤ ਵਿੱਚ ਚੋਰ, ਡਾਕੂ, ਲੁਟੇਰੇ ਤੇ ਧਾੜਵੀ ਅਨਸਰ ਸਨ ਜੋ ਅਨੁਸ਼ਾਸਨ ਵਿੱਚ ਰਹਿਣ ਦੀ ਬਜਾਇ ਮਾਮੂਲੀ-ਮਾਮੂਲੀ ਗੱਲ ਉੱਪਰ ਝਗੜਾ-ਫ਼ਸਾਦ ਖੜ੍ਹਾ ਕਰ ਦਿੰਦੇ ਸਨ । ਉਪਰੋਕਤ ਵਿਚਾਰਾਂ ਤੋਂ ਅਜਿਹਾ ਪ੍ਰਭਾਵ ਮਿਲਦਾ ਹੈ ਜਿਵੇਂ ਲੋਭ-ਵੱਸ ਜਾਂ ਸੰਗਤ ਵਿਚਲੇ ਦੰਗਾਬਾਜ਼ ਅਨਸਰਾਂ ਕਾਰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜਾਣ-ਬੁੱਝ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਦੇਸ਼ ਤੋਂ ਕਿਨਾਰਾਕਸ਼ੀ ਕਰ ਲਈ ਸੀ । ਦੂਜੇ, ਉਨ੍ਹਾਂ ਦੁਆਰਾ ਸਥਾਪਤ ਕੀਤੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਤੇ ਮੀਰੀ-ਪੀਰੀ ਦੇ ਸਿਧਾਂਤ ਉੱਪਰ ਅਮਲ, ਸਭ ਕੁਝ ਰਾਜਨੀਤੀ ਤੋਂ ਪ੍ਰੇਰਿਤ ਸੀ । ਅਸਲ ਵਿੱਚ ਇਨ੍ਹਾਂ ਵਿਦਵਾਨਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸੈਨਿਕ ਸੰਘਰਸ਼ ਅਤੇ ਸਥਾਪਤ ਕੀਤੇ ਸਿਧਾਂਤ ਤੇ ਸੰਸਥਾਵਾਂ ਨੂੰ ਸਿੱਖ-ਪੰਥ ਦੇ ਇਤਿਹਾਸ ਅਨੁਸਾਰ ਤੇ ਵਿਰਸੇ ਵਿਚੋਂ ਮਿਲੇ ਧਾਰਮਿਕ ਤੇ ਸਮਾਜਿਕ ਚਿੰਤਨ ਤੋਂ ਬਿਲਕੁਲ ਨਿਖੇੜ ਕੇ ਵਾਚਿਆ ਹੈ । ਦਰਅਸਲ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ-ਪੰਥ ਦੇ ਰਾਜਨੀਤਿਕ ਦ੍ਰਿਸ਼ਟੀਕੋਣ ਨੂੰ ਸੰਸਥਾਈ ਆਧਾਰ ਪ੍ਰਦਾਨ ਕਰਦਾ ਹੈ ਤੇ ਇਸ ਦੀ ਸਥਾਪਨਾ ਵਿੱਚ ਕਈ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਪਹਿਲੂ ਕ੍ਰਿਆਸ਼ੀਲ ਹਨ ।

ਸਿੱਖ ਧਰਮ ਦਾ ਪ੍ਰਚਾਰ ਤੇ ਸੰਗਠਨ ਕਰਦਿਆਂ ਸਿੱਖ ਗੁਰੂ ਸਾਹਿਬਾਨ ਨੂੰ ਅੰਦਰੂਨੀ ਤੇ ਬਾਹਰੀ ਦੋਨਾਂ ਤਰ੍ਹਾਂ ਦੀਆਂ ਵਿਰੋਧੀ ਤਾਕਤਾਂ ਦਾ ਸਾਹਮਣਾ ਕਰਨਾ ਪਿਆ । ਸਥਾਨਕ ਤੇ ਸੂਬਾਈ ਪੱਧਰ 'ਤੇ ਮੁਗ਼ਲ ਹਾਕਮਾਂ ਦੀ ਈਰਖਾ ਤੋਂ ਇਲਾਵਾ ਕੱਟੜ-ਪੰਥੀ ਮੁਲਾਣਿਆਂ ਤੇ ਹਿੰਦੂ ਪੁਜਾਰੀ ਸ਼੍ਰੇਣੀ ਦੀ ਵਿਰੋਧਤਾ ਵੀ ਜਰਨੀ ਪਈ । ਸਿੱਖ-ਪੰਥ ਅੰਦਰਲੇ ਵਿਘਨਕਾਰੀ ਤੱਤਾਂ ਨੇ ਮੁਗਲ ਹਾਕਮਾਂ ਨਾਲ ਸਾਜ਼ਬਾਜ ਕਰ ਕੇ ਸਿੱਖ ਗੁਰੂ ਸਾਹਿਬਾਨ ਦੀ ਸਥਿਤੀ ਨੂੰ ਠੇਸ ਪਹੁੰਚਾਉਣ ਦੇ ਯਤਨ ਵੀ ਕੀਤੇ ।

ਪੰਚਮ ਪਾਤਸ਼ਾਹ ਦੇ ਸਮੇਂ ਮੀਣਾ ਸੰਪ੍ਰਦਾਇ ਨੇ ਗੁਰੂ ਸਾਹਿਬ ਬਾਰੇ ਸਰਕਾਰੀ ਹਲਕਿਆਂ ਵਿੱਚ ਗ਼ਲਤ-ਫ਼ਹਿਮੀਆਂ ਫੈਲਾਉਣ ਦੀਆਂ ਸਾਜ਼ਿਸ਼ਾਂ ਵੀ ਰਚੀਆਂ । 1605 ਈ. ਵਿੱਚ ਬਾਦਸ਼ਾਹ ਅਕਬਰ ਦੀ ਮੌਤ ਉਪਰੰਤ ਮੁਗ਼ਲ ਸਰਕਾਰ ਨੇ ਧਾਰਮਿਕ ਤੌਰ 'ਤੇ ਪੱਖ-ਪਾਤ ਤੇ ਅਸਹਿਣਸ਼ੀਲਤਾ ਦੀ ਨੀਤੀ ਧਾਰਨ ਕਰ ਲਈ ਸੀ । ਕੱਟੜ ਸੁੰਨੀ ਮੁਸਲਮਾਨਾਂ ਨੇ ਭਾਰਤ ਵਿੱਚ ਇਸਲਾਮ ਦੀ ਪੁਨਰ-ਸਥਾਪਤੀ ਲਈ ਇੱਕ ਤਕੜੀ ਲਹਿਰ ਛੇੜ ਰੱਖੀ ਸੀ । ਇਸ ਵਰਗ ਨੇ ਬਾਦਸ਼ਾਹ ਜਹਾਂਗੀਰ ਤੋਂ ਉਸ ਦੀ ਸਹਾਇਤਾ ਦੇ ਬਦਲੇ ਇਸਲਾਮ ਤੇ ਸ਼ਰ੍ਹਾ ਦਾ ਉਚੇਚਾ ਖਿਆਲ ਰੱਖਣ ਦਾ ਵਚਨ ਲੈ ਲਿਆ ਸੀ । 'ਤੁਜ਼ਕੇ-ਜਹਾਂਗੀਰੀ' ਅਨੁਸਾਰ ਬਾਦਸ਼ਾਹ ਜਹਾਂਗੀਰ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਅਧੀਨ ਸਿੱਖ ਧਰਮ ਦਾ ਤੇਜ਼ੀ ਨਾਲ ਹੋ ਰਿਹਾ ਵਿਕਾਸ ਬਿਲਕੁਲ ਨਾ-ਪਸੰਦ ਸੀ । ਉਸ ਨੂੰ ਇਤਨੀ ਨਫ਼ਰਤ ਸੀ ਕਿ ਉਹ ਚਾਹੁੰਦਾ ਸੀ ਕਿ ਜਾਂ ਤਾਂ ਗੁਰੂ ਸਾਹਿਬ ਨੂੰ ਇਸਲਾਮ ਵਿੱਚ ਪਰਵਰਤਿਤ ਕਰ ਲਿਆ ਜਾਵੇ ਜਾਂ ਫਿਰ ਸਿੱਖ ਧਰਮ ਦੇ ਗੁਰੂ ਪ੍ਰਚਾਰ ਨੂੰ ਬੰਦ ਕਰਵਾ ਦਿੱਤਾ ਜਾਵੇ । ਸਪੱਸ਼ਟ ਹੈ ਕਿ ਬਾਦਸ਼ਾਹ ਸਿੱਖ-ਪੰਥ ਨੂੰ ਉਸ ਦੇ ਨੇਤਾ ਤੋਂ ਵੰਚਿਤ ਕਰ ਕੇ ਇਸ ਦੇ ਪ੍ਰਚਾਰ ਤੇ ਪ੍ਰਭਾਵ ਨੂੰ ਖ਼ਤਮ ਕਰਨ ਦਾ ਚਾਹਵਾਨ ਸੀ । ਦਰਅਸਲ ਉਹ ਰਾਜ-ਸੱਤਾ ਦੇ ਜ਼ੋਰ ਨਾਲ ਇੱਕ ਰੂਪ ਸਮਾਜਿਕ ਵਿਵਸਥਾ ਭਾਵ ਇਸਲਾਮੀ ਭਾਈਚਾਰਾ ਸਥਾਪਤ ਕਰਨ ਦੀ ਨੀਤੀ ਉੱਪਰ ਅਮਲ ਕਰ ਰਿਹਾ ਸੀ । ਇਸ ਨਾਲ ਗ਼ੈਰ-ਮੁਸਲਿਮ ਧਾਰਮਿਕ ਫ਼ਿਰਕਿਆਂ ਦੀ ਹੋਂਦ ਤੇ ਧਾਰਮਿਕ ਆਜ਼ਾਦੀ ਖ਼ਤਰੇ ਵਿੱਚ ਪੈ ਗਈ ਸੀ । ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖ-ਪੰਥ ਨੂੰ ਅਸੁਰੱਖਿਆ ਦਾ ਅਹਿਸਾਸ ਬੜੀ ਸ਼ਿੱਦਤ ਨਾਲ ਕਰਵਾ ਦਿੱਤਾ ਸੀ । ਸਮੇਂ ਦੀ ਇਹ ਮੰਗ ਸੀ ਕਿ ਭਾਰਤੀ ਸਮਾਜ ਵਿੱਚ ਬਹੁ-ਭਾਂਤੀ ਸਮਾਜਿਕ ਵਿਵਸਥਾ ਤੇ ਧਾਰਮਿਕ ਅਜ਼ਾਦੀ ਨੂੰ ਭਾਰਤੀ ਸਮਾਜ ਵਿੱਚ ਬਹੁ-ਭਾਂਤੀ ਸਮਾਜਿਕ ਵਿਸਸਥਾ ਤੇ ਧਾਰਮਿਕ ਆਜ਼ਾਦੀ ਨੂੰ ਯਕੀਨੀ ਬਣਾਇਆ ਜਾਵੇ । ਇਸ ਸਥਿੱਤੀ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਰਾਹੀਂ ਆਪਣੇ ਧਾਰਮਿਕ ਤੇ ਰਾਜਨੀਤਿਕ ਅਧਿਕਾਰਾਂ ਪ੍ਰਤੀ ਦਾਅਵਾ ਇੱਕ ਉਚਿਤ ਦਿਸ਼ਾ ਵੱਲ ਕਦਮ ਸੀ ।

ਗੁਰਬਾਣੀ ਵਿੱਚ ਅਜਿਹੇ ਅਨੇਕਾਂ ਹਵਾਲੇ ਪ੍ਰਾਪਤ ਹਨ ਜਿਨ੍ਹਾਂ ਤੋਂ ਗੁਰੂ ਸਾਹਿਬਾਨ ਦੇ ਰਾਜਨੀਤਿਕ ਵਿਚਾਰਾਂ ਤੇ ਸਮਕਾਲੀ ਸ਼ਾਸਨ ਬਾਰੇ ਦ੍ਰਿਸ਼ਟੀਕੋਣ ਦੀ ਜਾਣਕਾਰੀ ਮਿਲਦੀ ਹੈ । ਉੱਤਰਾਧਿਕਾਰੀ ਲਈ ਯੋਗਤਾ ਨੂੰ ਹੀ ਮਾਪਦੰਡ ਸਵੀਕਾਰ ਕੀਤਾ ਹੈ । ਸ਼ਾਸਕ ਵਰਗ ਤੋਂ ਪਰਜਾ ਪ੍ਰਤੀ ਸਦਭਾਵਨਾ, ਨੇਕੀ ਤੇ ਨਿਆਂ ਦੀ

ਖ਼ਹਿਸ ਕਰਦੇ ਰਾਜ ਵਿਵਸਥਾ ਵਿੱਚੋਂ ਜ਼ੁਲਮ, ਰਿਸ਼ਵਤਖ਼ੋਰੀ, ਸ਼ੋਸ਼ਣ ਤੇ ਬੇ-ਇਨਸਾਫ਼ੀ ਨੂੰ ਖ਼ਤਮ ਕਰਨ ਦੀ ਮੰਗ ਕੀਤੀ ਗਈ ਹੈ । ਰਾਜਿਆਂ ਦੇ ਦੈਵੀ-ਰਾਜਾਧਿਕਾਰ ਦਾ ਖੰਡਨ ਕਰਦੇ ਹੋਏ ਉਨ੍ਹਾਂ ਨੂੰ ਨੇਕੀ, ਸੱਚਾਈ ਤੇ ਉਚ-ਨੈਤਿਕ ਕਦਰਾਂ ਕੀਮਤਾਂ ਦਾ ਪਾਲਣ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ । ਰਾਜ-ਸੱਤਾ ਮਨੁੱਖਤਾ ਦੇ ਕਲਿਆਣ ਲਈ ਹੈ ਨਾ ਕਿ ਇਸ ਦੇ ਵਿਨਾਸ਼ ਲਈ । ਜੇਕਰ ਸ਼ਾਸਕ ਵਰਗ ਆਪਣੇ ਫ਼ਰਜ ਦੀ ਪਾਲਣਾ ਕਰਨ ਵਿੱਚ ਨਿਸਫਲ ਹੁੰਦਾ ਹੈ ਤਾਂ ਸਹੀ ਸੋਚ ਤੇ ਦੈਵੀ ਆਵੇਸ਼ ਪ੍ਰਾਪਤ ਵਿਅਕਤੀ ਮਨੁੱਖਤਾ ਦੇ ਭਲੇ ਲਈ ਸ਼ਾਸਕ ਵਰਗ ਨੂੰ ਚੁਣੌਤੀ ਦੇਣ, ਰਾਜ-ਸੱਤਾ ਤੋਂ ਅਲਹਿਦਾ ਕਰਨ ਦਾ ਅਧਿਕਾਰ ਰੱਖਦੇ ਹਨ । ਇਉਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਰਾਹੀਂ ਬਾਦਸ਼ਾਹ ਜਹਾਂਗੀਰ ਦੇ ਪੱਖਪਾਤੀ ਦੇ ਜ਼ਾਲਮਾਨਾ ਵਿਹਾਰ ਨੂੰ ਚੁਣੌਤੀ ਦੇਣਾ ਸਿੱਖ ਚਿੰਤਨ ਦੇ ਬਿਲਕੁਲ ਅਨੁਕੂਲ ਸੀ ।

ਭਾਰਤ ਉੱਪਰ ਬਾਬਰ ਦੇ ਹਮਲੇ ਸਮੇਂ ਆਮ ਲੋਕਾਂ ਨੂੰ ਅਤੇ ਖਾਸ ਕਰਕੇ ਔਰਤਾਂ ਨੂੰ ਮੁਗ਼ਲ ਸੈਨਿਕਾਂ ਦੇ ਹੱਥੋਂ ਬੜੇ ਦੁੱਖ ਤੇ ਬੇਪਤੀ ਸਹਾਰਨੀ ਪਈ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੀ ਬੜੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਕਿਉਂ ਕਿ ਉਸ ਦੇ ਸੈਨਿਕਾਂ ਨੇ ਸ਼ਸਤਰਹੀਣ ਲੋਕਾਂ ਉੱਪਰ ਕਹਿਰਾਂ ਦੇ ਜ਼ੁਲਮ ਢਾਹੇ ਸਨ । ਗੁਰੂ ਸਾਹਿਬ ਦੀ ਸਮਕਾਲੀ ਸ਼ਾਸਕਾਂ ਦੇ ਕਿਰਦਾਰ ਦੀ ਨਿਖੇਧੀ ਇਹ ਦਰਸਾਉਂਦੀ ਹੈ ਕਿ ਉਹ ਸ਼ਾਸਕ ਵਰਗ ਦੇ ਅਣਉਚਿਤ ਵਿਹਾਰ ਦੀ ਨੁਕਤਾਚੀਨੀ ਕਰਨ ਦੇ ਅਧਿਕਾਰ ਤੋਂ ਕਦੇ ਵੀ ਦਸਤ-ਬਰਦਾਰ ਨਹੀਂ ਸਨ ਹੋਏ । ਸਿੱਖ ਗੁਰੂ ਸਾਹਿਬਾਨ ਦੁਆਰਾ ਬਾਬਰ ਵਰਗੇ ਜਾਬਰ ਹੁਕਮਰਾਨਾਂ ਦੇ ਜ਼ਾਲਮਾਨਾ ਵਿਹਾਰ ਦੀ ਆਲੋਚਨਾ ਅਤਿਆਚਾਰੀ ਸ਼ਾਸਨ ਪ੍ਰਤੀ ਨਾਗਰਿਕਾਂ ਦੇ ਵਿਹਾਰ ਨੂੰ ਸੇਧ ਪ੍ਰਦਾਨ ਕਰਦੀ ਹੈ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰੂਪ ਵਿੱਚ ਅਜਿਹੀ ਸੰਸਥਾ ਕਾਇਮ ਕੀਤੀ ਜਿੱਥੇ ਰਾਜ ਦੀਆਂ ਨੀਤੀਆਂ ਪ੍ਰਤੀ ਵਿਚਾਰ-ਵਟਾਂਦਰਾ ਕਰਨ ਉਪਰੰਤ ਸਿੱਖ-ਪੰਥ ਦੇ ਉਸ ਪ੍ਰਤੀ ਰਵੱਈਏ ਨੂੰ ਦਿਸ਼ਾ-ਨਿਰਦੇਸ਼ ਦਿੱਤਾ ਜਾ ਸਕੇ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਨਤਾ ਨੂੰ ਬੇ-ਇਜ਼ਤੀ ਦੀ ਬਜਾਇ ਅਣਖ ਨਾਲ ਜੀਵਨ ਬਸਰ ਕਰਨ ਦਾ ਉਪਦੇਸ਼ ਦਿੱਤਾ । ਉਨ੍ਹਾਂ ਨੇ ਉਚੇ ਆਦਰਸ਼ ਲਈ ਜੀਵਨ ਨਿਛਾਵਰ ਕਰਨ ਨੂੰ ਸ਼ੋਭਨੀਕ ਕਾਰਨਾਮਾ ਦੱਸਿਆ । ਕਾਇਰਪੁਣਾ ਤਿਆਗ ਕੇ ਨਿਡਰ ਹੋਣ ਤੇ ਸੱਚ ਨੂੰ ਸੱਚ ਕਹਿਣ ਦੀ ਲੋੜ ਉਤੇ ਬਲ ਦਿੱਤਾ । ਅਜਿਹੇ ਵਿਚਾਰਾਂ ਨੇ ਪਰਜਾ ਨੂੰ ਜਾਗਰੂਕ ਹੋਣ ਦੀ ਪ੍ਰੇਰਨਾ ਦਿੱਤੀ । ਇਨ੍ਹਾਂ ਵਿਚਾਰਾਂ ਵਿੱਚ ਨੈਤਿਕ ਕਦਰਾਂ-ਕੀਮਤਾਂ ਤੋਂ ਸੱਖਣੀ ਤੇ ਭ੍ਰਿਸ਼ਟ ਰਾਜਨੀਤੀ

ਵਿਰੁੱਧ ਸੰਘਰਸ਼ ਦੇ ਬੀਜ ਵਿਦਮਾਨ ਸਨ । ਸ੍ਰੀ ਅਕਾਲ ਤਖ਼ਤ ਸਾਹਿਬ ਅਜਿਹੇ ਬੀਜ ਦੀ ਉਪਜ ਸੀ ਜਿਸ ਨੇ ਲੋਕਾਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਚੇਤਨ ਹੋਣ ਤੇ ਇਨ੍ਹਾਂ ਦੀ ਰਾਖੀ ਕਰਨ ਲਈ ਉਤਸ਼ਾਹ ਦਿੱਤਾ ।

ਸਿੱਖ ਧਰਮ ਦੇ ਉਦੈ ਤੋਂ ਪੂਰਵ ਭਾਰਤ ਵਿੱਚ ਪ੍ਰਚਲਿਤ ਧਾਰਮਿਕ ਵਿਸ਼ਵਾਸ਼ਾਂ ਤੇ ਕਦਰਾਂ-ਕੀਮਤਾਂ ਨੇ ਲੋਕਾਂ ਦੇ ਰਾਜਨੀਤਿਕ ਨਜ਼ਰੀਏ ਉੱਪਰ ਬੜਾ ਨਕਾਰਾਤਮਿਕ ਪ੍ਰਭਾਵ ਪਾਇਆ ਸੀ । ਦੈਵੀ-ਰਾਜਾਧਿਕਾਰ ਕਾਰਨ ਸ਼ਾਸਕ ਨਿਰੰਕਸ਼ ਸਨ । ਪਰਜਾ ਕਰਮ-ਫਲ ਦੇ ਅੰਧ-ਵਿਸ਼ਵਾਸ ਵਿੱਚ ਜਕੜੀ ਹੋਈ ਸੀ । ਜਾਤ-ਪਾਤ ਦੀ ਕਠੋਰਤਾ ਨੇ ਸਮਾਜ ਨੂੰ ਵਿਭਿੰਨ ਜਾਤਾਂ ਤੇ ਵਰਗਾਂ ਵਿੱਚ ਵੰਡਣ ਦੇ ਨਾਲ-ਨਾਲ ਨੀਵੇਂ ਵਰਗ ਨੂੰ ਵਰਨ-ਆਸ਼ਰਮ-ਧਰਮ ਵਿੱਚੋਂ ਨਿਕਲ ਕੇ ਰਾਜਨੀਤਿਕ ਖੇਤਰ ਵਿੱਚ ਪ੍ਰਵੇਸ਼ ਕਰਨ ਉੱਪਰ ਪਾਬੰਦੀ ਲਗਾ ਰੱਖੀ ਸੀ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜ ਦੀ ਜਾਤਾਂ ਦੇ ਆਧਾਰ ਉੱਤੇ ਵੰਡ ਨੂੰ ਅਸਵੀਕਾਰ ਕੀਤਾ । ਇਸ ਨਾਲ ਸਮਾਜ ਵਿੱਚ ਨੀਵੇਂ ਵਰਗ ਨੂੰ ਆਤਮ-ਬਲ ਮਿਲਿਆ ਜਿਸ ਨਾਲ ਭਰਾਤਰੀ-ਭਾਵ ਉੱਪਰ ਆਧਾਰਿਤ ਜਥੇਬੰਦਕ ਜੀਵਨ ਦੇ ਦਰਵਾਜ਼ੇ ਖੁੱਲ੍ਹ ਗਏ । ਜਾਤ-ਪਾਤ ਅਨੁਸਾਰ ਲੋਕਾਂ ਦੇ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਜੀਵਨ ਉੱਪਰ ਲੱਗੀਆਂ ਬੰਦਸ਼ਾ ਖ਼ਤਮ ਹੋ ਗਈਆਂ । ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਸਿੱਖ ਗੁਰੂ ਸਾਹਿਬਾਨ ਦੇ ਸੰਦੇਸ਼ ਦੇ ਫਲਸਰੂਪ ਲੋਕਾਂ ਦੀ ਆਪਣੇ ਅਧਿਕਾਰਾਂ ਪ੍ਰਤੀ ਆਈ ਜਾਗਰੂਕਤਾ ਦਾ ਹੀ ਇੱਕ ਪ੍ਰਗਟਾਉ ਸੀ । ਨਿਰਸੰਦੇਹ ਹਰ ਸਿੱਖ ਦਾ ਆਦਰਸ਼ ਸਮਾਜ ਵਿੱਚ ਅਮਨ-ਸ਼ਾਂਤੀ, ਪ੍ਰੇਮ-ਪਿਆਰ ਤੇ ਭਾਈਚਾਰਾ ਸਥਾਪਿਤ ਕਰਨਾ ਹੈ ਪਰ ਇੱਜ਼ਤ-ਆਬਰੂ ਤੇ ਜਾਨ-ਮਾਲ ਦੀ ਰੱਖਿਆ ਵਿਦੇਸ਼ੀ ਜਰਵਾਣਿਆਂ ਨੂੰ ਮੂੰਹ-ਤੋੜ ਜਵਾਬ ਦੇਣ ਤੇ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਹਿਤ ਸ਼ਸਤਰਾਂ ਦੇ ਪ੍ਰਯੋਗ ਨੂੰ ਕਦੇ ਵੀ ਪਾਪ ਨਹੀਂ ਮੰਨਿਆ ਗਿਆ । ਸ੍ਰੀ ਅਕਾਲ ਤਖ਼ਤ ਸਾਹਿਬ ਦਾ ਫ਼ਲਸਫ਼ਾ ਤੇ ਇਸ ਉੱਪਰ ਜੰਗੀ ਖੇਡਾਂ ਦੇ ਕਰਤਬ ਭਾਰਤੀ ਜਨ-ਜੀਵਨ ਉੱਪਰ ਧਾਰਮਿਕ ਵਿਸ਼ਵਾਸਾਂ ਦੇ ਕੋੜੇ ਪ੍ਰਭਾਵ ਕਾਰਨ ਪੈਦਾ ਹੋਈ ਸਾਹਸਹੀਣਤਾ ਨੂੰ ਖ਼ਤਮ ਕਰ ਕੇ ਨਵੀਂ ਜੀਵਨ-ਰੌਅ ਪੈਦਾ ਕਰਨ ਲਈ ਇੱਕ ਉਪਰਾਲਾ ਸਨ ।

ਭਾਰਤੀ ਧਰਮਾਂ ਨੇ ਸੰਸਾਰ ਨੂੰ ਅਸੱਤ ਤੇ ਮਿਥਿਆ ਕਹਿ ਕੇ ਧਰਮ ਲਕਸ਼ ਦੀ ਪ੍ਰਾਪਤੀ ਲਈ ਸੰਨਿਆਸ ਦੀ ਉਪਯੋਗਤਾ ਨੂੰ ਪ੍ਰਚਾਰਿਆ ਤੇ ਲੋਕਾਂ ਨੂੰ ਨਿਰਵਿਰਤੀ ਮਾਰਗ ਅਪਣਾਉਣ ਲਈ ਪ੍ਰੇਰਿਆ । ਇਸ ਨਾਲ ਲੋਕਾਂ ਵਿਚ ਉਪਰਾਮਤਾ ਫੈਲੀ ਤੇ ਉਹ ਦੇਸ਼ ਦੀ ਸਮਾਜਿਕ ਤੇ ਰਾਜਨੀਤਿਕ ਸਥਿਤੀ ਬਾਰੇ ਬਿਲਕੁਲ ਲਾਪਰਵਾਹ ਹੋ ਗਏ । ਲੋਕਾਂ ਨੇ ਭਾਗਵਾਦੀ ਤੇ ਭਾਂਜਵਾਦੀ ਰੁਚੀ

ਅਖ਼ਤਿਆਰ ਕਰ ਲਈ ਸੀ । ਧਾਰਮਿਕ ਪੁਰਸ਼ਾਂ ਨੂੰ ਭਾਵੇਂ ਬੜਾ ਸਨਮਾਨ ਪ੍ਰਾਪਤ ਸੀ ਪਰ ਉਹ ਲੋਕਾਂ ਦੀ ਸਮਾਜਿਕ ਤੇ ਰਾਜਨੀਤਿਕ ਦਸ਼ਾ ਬਾਰੇ ਬਿਲਕੁਲ ਬੇ-ਪਰਵਾਹ ਸਨ । ਉਦਾਸੀਨਤਾ ਦੇ ਗਹਿਰੇ ਸਮੁੰਦਰ ਵਿੱਚ ਡੁੱਬੇ ਧਾਰਮਿਕ ਪੁਰਸ਼ਾਂ ਨੂੰ ਪਰਜਾ ਦੇ ਅਧਿਕਾਰਾਂ ਬਾਰੇ ਕੋਈ ਚਿੰਤਾ ਨਹੀਂ ਸੀ । ਅੰਤ ਇਹ ਵਿਸ਼ਵਾਸ ਘਰ ਕਰ ਗਿਆ ਕਿ ਰਾਜਨੀਤੀ ਧਾਰਮਿਕ ਪੁਰਸ਼ਾਂ ਦਾ ਕਾਰਜ ਖੇਤਰ ਨਹੀਂ ਤੇ ਉਨ੍ਹਾਂ ਨੂੰ ਰਾਜਨੀਤੀ ਵਿੱਚ ਦਿਲਚਸਪੀ ਲੈਣ ਤੇ ਦਖ਼ਲ-ਅੰਦਾਜ਼ੀ ਕਰਨ ਦਾ ਕੋਈ ਅਧਿਕਾਰ ਨਹੀਂ । ਐਸੀ ਕੋਈ ਸੰਸਥਾ ਜਾਂ ਲੋਕ-ਧਿਰ ਨਹੀਂ ਸੀ ਜੋ ਨਿਰੰਕੁਸ਼ ਤੇ ਅਤਿਆਚਾਰੀ ਸ਼ਾਸਕਾਂ ਨੂੰ ਉਨ੍ਹਾਂ ਦੇ ਦੁਰਾਚਾਰੀ ਵਿਹਾਰ ਤੋਂ ਰੋਕੇ ਤੇ ਵਿਰੋਧ ਕਰੇ । ਉਪਰੋਕਤ ਸਥਿਤੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਸ਼ਾਸਕ ਵਰਗ ਨੂੰ ਲੋਕ-ਵਿਰੋਧੀ ਨੀਤੀਆਂ ਤੋਂ ਰੋਕਣ ਤੇ ਪਰਜਾ ਨੂੰ ਆਪਣੇ ਹਿੱਤਾਂ ਲਈ ਸੰਗਠਿਤ ਕਰਨ ਲਈ ਬਹੁਤ ਵੱਡੀ ਪਹਿਲ-ਕਦਮੀ ਸੀ ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਾਰਮਿਕ ਅਨੁਭਵ ਆਪਣੇ ਬੁਨਿਆਦੀ ਲੱਛਣਾਂ ਕਰਕੇ ਪੈਗ਼ੰਬਰੀ ਅਨੁਭਵ ਦਾ ਵਿਲੱਖਣ ਦਰਜਾ ਰੱਖਦਾ ਹੈ । ਇਸ ਦਾ ਪ੍ਰੇਰਨਾ-ਸ੍ਰੋਤ ਸਿੱਧੇ ਤੌਰ 'ਤੇ ਪ੍ਰਾਪਤ ਹੋਇਆ ਦੈਵੀ-ਆਦੇਸ਼ ਹੈ । ਇਸ ਦਾ ਉਦੇਸ਼ ਸੰਸਾਰ ਨੂੰ ਹਰ ਪ੍ਰਕਾਰ ਦੀ ਬਦੀ ਤੋਂ ਮੁਕਤ ਕਰ ਕੇ ਨਵਾਂ-ਵਿਸ਼ਵ-ਭਾਈਚਾਰਾ ਸਥਾਪਿਤ ਕਰਨਾ ਹੈ ਜਿੱਥੇ ਹੱਕ, ਸੱਚ, ਨੇਕੀ, ਇਨਸਾਫ਼, ਪਰਉਪਕਾਰ ਆਦਿ ਕਦਰਾਂ-ਕੀਮਤਾਂ ਵਧਣ-ਫੁੱਲਣ । ਬਦੀ ਨਾਲ ਸਮਝੌਤਾ ਨਹੀਂ ਬਲਕਿ ਇਸ ਦੇ ਵਿਰੁੱਧ ਸੰਘਰਸ਼ ਕਰਨਾ ਹੈ । ਆਮ ਤੌਰ 'ਤੇ ਵਿਦਵਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੈਨਿਕ ਸੰਘਰਸ਼ ਉੱਪਰ ਟਿੱਪਣੀ ਕਰਨ ਸਮੇਂ ਉਨ੍ਹਾਂ ਦੇ ਪੈਗ਼ੰਬਰੀ ਅਨੁਭਵ ਅਨੁਸਾਰ ਬਦੀ ਵਿਰੁੱਧ ਸੰਘਰਸ਼ ਕਰਨ ਦੀ ਦੈਵੀ ਤੇ ਨੈਤਿਕ ਫ਼ਰਜ਼ ਨੂੰ ਬਿਲਕੁਲ ਨਜ਼ਰ-ਅੰਦਾਜ਼ ਕਰ ਦਿੰਦੇ ਹਨ ।

ਸਿੱਖ ਧਰਮ ਦਾ ਰੱਬ ਨਿਆਸਰਿਆਂ ਦਾ ਆਸਰਾ, ਨਿਓਟਿਆਂ ਦੀ ਓਟ ਤੇ ਨਿਮਾਣਿਆਂ ਦਾ ਮਾਣ ਹੈ । ਉਹ ਮਨੁੱਖ ਦੀ ਹਰ ਕਿਸਮ ਦੇ ਸੰਕਟ ਤੋਂ ਰਖਵਾਲੀ ਕਰਦਾ ਹੈ । ਉਹ ਬਦੀ ਨਾਲ ਸਮਝੌਤਾ ਨਹੀਂ ਬਲਕਿ ਅਸੁਰ ਸੰਘਾਰਨ ਦਾ ਮਾਦਾ ਰੱਖਦਾ ਹੈ । ਸ਼ਰਧਾਲੂਆਂ ਨੂੰ ਨਿਰਭੈ ਹੋ ਕੇ ਬਦੀ ਵਿਰੁੱਧ ਡਟਣ ਲਈ ਨੈਤਿਕ ਬਲ ਪ੍ਰਦਾਨ ਕਰਦਾ ਹੈ । ਇਸੇ ਹੀ ਤਰ੍ਹਾਂ ਸਿੱਖ ਧਰਮ ਜਗਤ ਪ੍ਰਤੀ ਉਪਰਾਮਤਾ ਦਾ ਸੰਦੇਸ਼ ਨਹੀਂ ਬਲਕਿ ਇਸ ਨੂੰ ਮਨੁੱਖ ਦੀ ਕਰਮ-ਭੂਮੀ ਸਵੀਕਾਰਦਾ ਹੈ । ਸੰਸਾਰ ਵਿੱਚ ਮਨੁੱਖ ਦੇ ਕਾਰਜ-ਖੇਤਰ ਨੂੰ ਪਵਿੱਤਰ ਤੇ ਅਪਵਿੱਤਰ ਦੇ ਵਰਗਾਂ ਵਿੱਚ ਨਹੀਂ ਵੰਡਿਆ । ਮਨੁੱਖ ਨੂੰ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ

ਸੁਚੇਤ ਹੋ ਕੇ ਸੁਚਾਰੂ ਯੋਗਦਾਨ ਪਾਉਣ ਦਾ ਸੰਦੇਸ਼ ਹੈ । ਮਨੁੱਖ ਦੀ ਸ਼ਖਸੀਅਤ ਦਾ ਹਰ ਪੱਖ ਤੇ ਸਮਾਜ ਦੇ ਸਭ ਖੇਤਰ ਉਸ ਦੇ ਧਾਰਮਿਕ ਦਾਇਰੇ ਅੰਦਰ ਹਨ । ਅਜਿਹੀ ਸ਼ਖਸੀਅਤ ਨਿਸ਼ਚੇ ਹੀ ਰਾਜਨੀਤੀ ਨੂੰ ਪ੍ਰਭਾਵਿਤ ਕੀਤੇ ਬਗ਼ੈਰ ਜਾਂ ਰਾਜਨੀਤੀ ਤੋਂ ਪ੍ਰਭਾਵਿਤ ਹੋਏ ਬਗ਼ੈਰ ਨਹੀਂ ਰਹਿ ਸਕਦੀ । ਇਹੀ ਕਾਰਨ ਹੈ ਕਿ ਸਿੱਖ ਵਿਚਾਰਧਾਰਾ ਅਨੁਸਾਰ ਮਨੁੱਖਤਾ ਤੇ ਸਮਾਜ ਦੇ ਭਲੇ ਲਈ ਧਾਰਮਿਕ ਪੁਰਸ਼ ਲਈ ਰਾਜਨੀਤੀ ਵਿੱਚ ਦਿਲਚਸਪੀ ਰੱਖਣਾ ਕੋਈ ਗੁਨਾਹ ਜਾਂ ਪਾਪ ਨਹੀਂ । ਅਸਲ ਵਿੱਚ ਗਿਆਨਵਾਨ ਵਿਅਕਤੀ ਦਾ ਇਹ ਫ਼ਰਜ ਹੈ ਕਿ ਉਹ ਆਪਣੇ ਵਰਗੇ ਹੋਰਨਾਂ ਵਿਅਕਤੀਆਂ ਨੂੰ ਸੰਗਠਿਤ ਕਰ ਕੇ ਬਦੀ ਦਾ ਵਿਰੋਧ ਕਰਨ ਲਈ ਅਗਵਾਈ ਪ੍ਰਦਾਨ ਕਰੇ । ਉਸ ਦਾ ਇਹ ਨੈਤਿਕ ਫ਼ਰਜ ਹੈ ਕਿ ਉਹ ਬਦੀ ਵਿਰੁੱਧ ਹਰ ਸਮੇਂ ਤੇ ਹਰ ਸਥਿਤੀ ਵਿੱਚ ਇਸ ਉਮੀਦ ਨਾਲ ਸੰਘਰਸ਼ ਜਾਰੀ ਰੱਖੇ ਕਿ ਅੰਤ ਅਕਾਲ ਪੁਰਖ ਉਸ ਨੂੰ ਇਸ ਦੈਵੀ-ਮਿਸ਼ਨ ਵਿੱਚ ਕਾਮਯਾਬੀ ਬਖ਼ਸ਼ੇਗਾ । ਉਪਰੋਕਤ ਤੋਂ ਸਪੱਸ਼ਟ ਹੈ ਕਿ ਵਿਰਸੇ ਵਿੱਚ ਪ੍ਰਾਪਤ ਹੋਏ ਸਿੱਖ-ਚਿੰਤਨ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਲਈ ਪ੍ਰੇਰਨਾ ਤੇ ਉਤਸ਼ਾਹ ਪ੍ਰਦਾਨ ਕੀਤਾ ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਾਰਨ ਸਿੱਖ-ਪੰਥ ਦੀ ਹੋਂਦ ਤੇ ਸਵੈਮਾਨ ਖ਼ਤਰੇ ਵਿੱਚ ਸੀ । ਬਦਲੇ ਹੋਏ ਧਾਰਮਿਕ ਤੇ ਰਾਜਨੀਤਿਕ ਮਾਹੌਲ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸ ਦੋ ਵਿਕਲਪ ਸਨ । ਉਹ ਜਾਂ ਤਾਂ ਮੁਗ਼ਲ ਸਰਕਾਰ ਦੇ ਜ਼ੁਲਮ ਤੇ ਬੇ-ਇਨਸਾਫ਼ੀ ਅੱਗੇ ਸਮਰਪਣ ਕਰ ਦੇਣ ਜਾਂ ਫਿਰ ਇਸ ਦਾ ਵਿਰੋਧ ਕਰਨ । ਗੁਰੂ ਸਾਹਿਬ ਨੇ ਸਿੱਖ-ਚਿੰਤਨ ਤੋਂ ਪ੍ਰੇਰਨਾ ਲੈਂਦਿਆਂ ਬਦੀ ਨਾਲ ਸਮਝੌਤਾ ਕਰਨ ਨਾਲੋਂ ਇਸ ਨਾਲ ਸੰਘਰਸ਼ ਕਰਨਾ ਉਚਿਤ ਸਮਝਿਆ । ਉਪਰੋਕਤ ਉਦੇਸ਼ ਦੀ ਖ਼ਾਤਰ ਉਨ੍ਹਾਂ ਨੇ ਗੁਰਿਆਈ ਧਾਰਨ ਕਰਨ ਦਾ ਪਰੰਪਰਾਗਤ ਢੰਗ ਤਿਆਗ ਕੇ ਮੀਰੀ ਤੇ ਪੀਰੀ ਦੀਆਂ ਪ੍ਰਤੀਕ ਦੋ ਕਿਰਪਾਨਾਂ ਧਾਰਨ ਕਰ ਲਈਆਂ । ਮੀਰੀ ਦੀ ਕਿਰਪਾਨ ਰਾਜਨੀਤਿਕ ਸ਼ਕਤੀ ਦੀ ਲਖਾਇਕ ਤੇ ਪੀਰੀ ਦੀ ਕਿਰਪਾਨ ਅਧਿਆਤਮਿਕ ਸ਼ਕਤੀ ਦੀ ਪ੍ਰਤੀਕ ਸੀ । ਭਾਵੇਂ ਸਿੱਖ ਗੁਰੂ ਸਾਹਿਬਾਨ ਨੇ ਰਾਜਨੀਤਿਕ ਖੇਤਰ ਵਿੱਚ ਰੁਚੀ ਤੇ ਪ੍ਰਵੇਸ਼ ਕਰਨ ਸੀ । ਭਾਵੇਂ ਸਿੱਖ ਗੁਰੂ ਸਾਹਿਬਾਨ ਨੇ ਰਾਜਨੀਤਿਕ ਖੇਤਰ ਵਿੱਚ ਰੁਚੀ ਤੇ ਪ੍ਰਵੇਸ਼ ਕਰਨ ਉਤੇ ਕੋਈ ਸਵੈ-ਸਥਾਪਿਤ ਸੀਮਾਵਾਂ ਨਹੀਂ ਸਨ ਲਾਈਆਂ ਤੇ ਨਾ ਹੀ ਸਿੱਖਾਂ ਨੂੰ ਰਾਜਨੀਤੀ ਤੋਂ ਦੂਰ ਰਹਿਣ ਦੀਆਂ ਰਹਿਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਸਨ ਪਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮੀਰੀ-ਪੀਰੀ ਦਾ ਸਿਧਾਂਤ ਵਿਹਾਰਕ ਤੌਰ 'ਤੇ

ਪਹਿਲਾ ਯਤਨ ਸੀ ਜਿਸ ਨੇ ਸਿੱਖ-ਪੰਥ ਵਿੱਚ ਰਾਜਨੀਤੀ ਬਾਰੇ ਜੇਕਰ ਕੋਈ ਭੁਲੇਖਾ ਸੀ ਤਾਂ ਉਸ ਨੂੰ ਸਦਾ ਦੇ ਲਈ ਸਪੱਸ਼ਟ ਕਰ ਦਿੱਤਾ । ਸਿੱਖ ਧਰਮ ਤੇ ਸਿਆਸਤ ਵਿਚਕਾਰ ਜੋ ਪਰਸਪਰ ਅੰਤਰ ਤੇ ਵਿਰੋਧ ਦਿੱਸਦਾ ਸੀ, ਉਸ ਨੂੰ ਮੇਟ ਕੇ ਸੰਤੁਲਨ ਪੈਦਾ ਕਰਨਾ ਸੰਭਵ ਹੋ ਗਿਆ । ਫਲਸਰੂਪ ਧਰਮ ਤੇ ਸਿਆਸਤ ਦਾ ਸੁਮੇਲ ਸਿੱਖੀ-ਜੀਵਨ ਦਾ ਅਟੁੱਟ ਅੰਗ ਬਣ ਗਿਆ । ਮੀਰੀ-ਪੀਰੀ ਦੇ ਸਿਧਾਂਤ ਨੇ ਸਪੱਸ਼ਟ ਕਰ ਦਿੱਤਾ ਕਿ ਮਨੁੱਖ ਦੀ ਸ਼ਖਸੀਅਤ ਤੇ ਵਿਹਾਰ ਨੂੰ ਧਰਮ, ਸਮਾਜ, ਰਾਜਨੀਤੀ ਆਦਿ ਦੇ ਖੇਤਰਾਂ ਵਿੱਚ ਵੰਡਣਾ ਬੇ-ਮਾਅਨੀ ਹੈ । ਮਨੁੱਖ ਦੀ ਵਿਅਕਤੀਗਤ, ਸਮੂਹਿਕ ਤੇ ਅਧਿਆਤਮਿਕ ਜ਼ਿੰਦਗੀ ਉਸ ਦੀ ਸਮੁੱਚੀ ਸ਼ਖਸੀਅਤ ਦਾ ਅਨਿੱਖੜ ਅੰਗ ਹਨ । ਮੀਰੀ-ਪੀਰੀ ਦੇ ਸਿਧਾਂਤ ਨੇ ਸਪੱਸ਼ਟ ਕਰ ਦਿੱਤਾ ਕਿ ਹਰ ਮਨੁੱਖ ਦੇ ਧਾਰਮਿਕ ਤੇ ਰਾਜਨੀਤਿਕ ਅਧਿਕਾਰ ਹਨ ਤੇ ਇਨ੍ਹਾਂ ਅਧਿਕਾਰਾਂ ਦੀ ਰੱਖਿਆ ਕਰਨਾ ਉਸ ਦਾ ਬੁਨਿਆਦੀ ਅਧਿਕਾਰ ਹੈ । ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਉਪਰੰਤ ਇਨ੍ਹਾਂ ਅਧਿਕਾਰਾਂ ਦੀ ਰਾਖੀ ਲਈ ਕਿਸੇ ਹੋਰ ਰਾਜਨੀਤਿਕ ਸ਼ਕਤੀ ਪਾਸ ਫ਼ਰਿਆਦ ਕਰਨ ਦੀ ਜ਼ਰੂਰਤ ਖ਼ਤਮ ਹੋ ਗਈ ਤੇ ਸਿੱਖ-ਪੰਥ ਨੂੰ ਆਪਣੇ ਰਾਜਨੀਤਿਕ ਸਰੋਕਾਰਾਂ ਨੂੰ ਨਿਰੂਪਣ ਕਰਨ ਲਈ ਸਿਧਾਂਤਕ ਤੇ ਸੰਸਥਾਈ ਅਧਿਕਾਰ ਪ੍ਰਾਪਤ ਹੋ ਗਿਆ । ਸਿੱਖ-ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਸੰਭਾਲਣ ਸਮੇਂ ਗੁਰਿਆਈ ਦੀਆਂ ਪਰੰਪਰਾਗਤ ਵਸਤਾਂ ਨੂੰ ਤੋਸ਼ੇਖਾਨੇ ਭੇਜਣ ਦਾ ਹੁਕਮ ਦਿੰਦਿਆਂ ਮੀਰੀ-ਪੀਰੀ ਦੀਆਂ ਪ੍ਰਤੀਕ ਦੋ ਕਿਰਪਾਨਾਂ ਪਹਿਨੀਆਂ । ਸਿੱਖ-ਪੰਥ ਦੇ ਸੰਸਾਰਿਕ ਨੇਤਾ ਵਜੋਂ ਆਪਣੀ ਭੂਮਿਕਾ ਨਿਭਾਉਣ ਲਈ ਸ੍ਰੀ ਅੰਮ੍ਰਿਤਸਰ ਵਿੱਚ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਉੱਦਮ ਕੀਤਾ । 'ਸਿੱਖ ਰਵਾਇਤ' ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਖ਼ੁਦ ਰੱਖੀ ਤੇ ਇਸ ਦੀ ਉਸਾਰੀ ਵਿੱਚ ਸਿਵਾਇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੇ ਹੋਰ ਕਿਸੇ ਵੀ ਵਿਅਕਤੀ ਨੂੰ ਸ਼ਾਮਲ ਨਹੀਂ ਸੀ ਕੀਤਾ । ਮੁੱਢਲੇ ਰੂਪ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਬਾਦਸ਼ਾਹਾਂ ਦੇ ਤਖ਼ਤ ਸਮਾਨ ਸਾਧਾਰਨ ਪਰ ਉਚਾ ਸਿੰਘਾਸਨ ਹੋਵੇਗਾ ਜੋ ਬਾਅਦ ਵਿੱਚ ਸਿੱਖ-ਪੰਥ ਦੀ ਦੁਨਿਆਵੀ ਪ੍ਰਤਿਭਾ ਦੇ ਸੋਮੇ ਵਜੋਂ ਉੱਭਰ ਕੇ ਸਾਹਮਣੇ ਆਇਆ । ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨੇ ਸਿੱਖ-ਪੰਥ ਨੂੰ ਇਹ ਸਬਕ ਤਖ਼ਤ ਸਾਹਿਬ ਦੀ ਸਥਾਪਨਾ ਨੇ ਸਿੱਖ-ਪੰਥ ਨੂੰ ਇਹ ਸਬਕ ਦ੍ਰਿੜ੍ਹ ਕਰਵਾਇਆ ਕਿ ਉਸ ਦੀ ਪ੍ਰਥਮ ਵਫ਼ਾਦਾਰੀ ਅਕਾਲ ਪੁਰਖ ਲਈ ਹੈ ਨਾ ਕਿ ਮੁਗਲ ਬਾਦਸ਼ਾਹ ਜਾਂ ਦੁਨੀਆਂ ਦੇ ਕਿਸੇ ਹੋਰ ਤਾਜ

ਜਾਂ ਤਖ਼ਤ ਲਈ । ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਿੱਖ-ਪੰਥ ਦੇ ਸੰਸਾਰਿਕ ਨੇਤਾ ਵਜੋਂ ਪੂਰੇ ਰਾਜਸੀ ਠਾਠ-ਬਾਠ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸੁਸ਼ੋਭਿਤ ਹੋਏ ਤਾਂ ਭੱਟਾਂ ਤੇ ਢਾਡੀਆਂ ਨੇ ਉਨ੍ਹਾਂ ਦੀ ਉਸਤਤਿ ਵਿੱਚ ਵਾਰਾਂ ਗਾਈਆਂ । ਗੁਰੂ ਸਾਹਿਬ ਆਪਣੇ ਨਿਤ-ਕਰਮ ਅਨੁਸਾਰ ਧਾਰਮਿਕ ਕਾਰਜਾਂ ਤੋਂ ਵਿਹਲੇ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਦਰਬਾਰ ਲਗਾਉਂਦੇ ਸਨ । ਦੇਸਾਂ-ਦੇਸਾਂਤਰਾਂ ਤੋਂ ਆਉਣ ਵਾਲੀਆਂ ਸੰਗਤਾਂ ਇਸ ਦੀਵਾਨ ਵਿਚ ਸ਼ਾਮਲ ਹੁੰਦੀਆਂ ਸਨ । ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸਜੇ ਦੀਵਾਨ ਵਿੱਚ ਗੁਰੂ ਸਾਹਿਬ ਸਿੱਖਾਂ ਦੇ ਨਿੱਜੀ ਤੇ ਪੰਥਕ ਮਸਲਿਆਂ ਬਾਰੇ ਆਪਣੇ ਫੈਸਲੇ ਸੁਣਾਉਂਦੇ ਸਨ । ਸਿੱਖਾਂ ਵਿੱਚ ਬੀਰ ਰਸ ਪੈਦਾ ਕਰਨ ਲਈ ਜੋਧਿਆਂ ਦੀਆਂ ਸੂਰਮਗਤੀ ਨਾਲ ਭਰਪੂਰ ਬਦੀ ਵਿਰੁੱਧ ਸੰਘਰਸ਼ ਪ੍ਰਗਟਾਉਂਦੀਆਂ ਵਾਰਾਂ ਗਾਉਣ ਦੀ ਪ੍ਰਥਾ ਵੀ ਤੋਰੀ । ਇਸ ਨੇ ਸਿੱਖ-ਪੰਥ ਦੇ ਗੁੰਮ ਹੋ ਚੁਕੇ ਆਤਮ-ਵਿਸ਼ਵਾਸ ਨੂੰ ਮੁੜ ਬਹਾਲ ਕੀਤਾ । ਯਾਦ ਰਹੇ ਕਿ ਸੰਕਟ ਦੀ ਸਥਿਤੀ ਵਿੱਚ ਸਿੱਖਾਂ ਦੇ ਮਨੋਬਲ ਨੂੰ ਉਸਾਰਨ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਹਮੇਸ਼ਾਂ ਹੀ ਪ੍ਰਮੁੱਖ ਪ੍ਰੇਰਨਾ-ਸ੍ਰੋਤ ਰਿਹਾ ਹੈ ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿੱਖ ਸੰਗਤਾਂ ਨੂੰ ਹੁਕਮਨਾਮੇ ਜਾਰੀ ਕੀਤੇ ਕਿ ਗੁਰੂ-ਦਰਬਾਰ ਵਿੱਚ ਧਨ-ਦੌਲਤ ਦੀ ਬਜਾਇ ਸ਼ਸਤਰ ਤੇ ਘੋੜੇ ਭੇਟ ਕੀਤੇ ਜਾਣ । ਸਿੱਖਾਂ ਨੇ ਇਹ ਮਹਿਸੂਸ ਕਰ ਲਿਆ ਸੀ ਕਿ ਮੁਗਲ ਸਰਕਾਰ ਦੀ ਸਿੱਖ ਧਰਮ ਵਿੱਚ ਦਖ਼ਲ-ਅੰਦਾਜ਼ੀ ਨੂੰ ਰੋਕਣ ਲਈ ਸੈਨਿਕ ਸਾਧਨਾਂ ਦੀ ਵਰਤੋਂ ਜਾਇਜ਼ ਹੈ । ਸਿੱਖ-ਪੰਥ ਨੂੰ ਸੈਨਿਕ ਪੱਖੋਂ ਸਵੈ-ਨਿਰਭਰ ਬਣਾਉਣ ਲਈ ਸਿੱਖਾਂ ਨੇ ਆਪਣੀਆਂ ਸੇਵਾਵਾਂ ਅਰਪਣ ਕਰਨੀਆਂ ਸ਼ੁਰੂ ਕੀਤੀਆਂ । ਥੋੜ੍ਹੇ ਦਿਨਾਂ ਵਿੱਚ ਹੀ 400 ਸੂਰਬੀਰ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸ ਹਾਜ਼ਰ ਹੋ ਗਏ । ਸਿੱਖਾਂ ਨੂੰ ਮਾਨਸਿਕ ਤੌਰ 'ਤੇ ਸੈਨਿਕ ਸੰਘਰਸ਼ ਵਿੱਚ ਸ਼ਾਮਲ ਹੋਣ ਲਈ ਜੰਗਜੂ ਸੁਭਾਅ ਤੇ ਸੈਨਿਕ ਸਿਖਲਾਈ ਦੇ ਅਵਸਰ ਪੈਦਾ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਜੰਗੀ ਖੇਡਾਂ ਦੀ ਪ੍ਰਥਾ ਤੋਰੀ ਗਈ । ਇਉਂ ਸਿੱਖ-ਪੰਥ ਦਾ ਮੁੱਢਲਾ ਸੈਨਿਕ ਪ੍ਰਬੰਧ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ ਹੀ ਹੋਂਦ ਵਿਚ ਆਇਆ । ਅਸਲ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਮੁੱਚੇ ਮਾਹੌਲ ਨੇ ਸਿੱਖ-ਪੰਥ ਵਿੱਚ ਬੀਰਤਾ ਤੇ ਅਣਖ ਦੀ ਰੌਅ ਪਰਜ੍ਵਲਿਤ ਕਰ ਦਿੱਤੀ ਸੀ । ਇਸ ਬੀਰਤਾ ਦਾ ਉਦੇਸ਼ ਕਿਸੇ ਨੂੰ ਮਾਰਨਾ ਜਾਂ ਕਤਲ ਕਰਨਾ ਨਹੀਂ ਸੀ ਬਲਕਿ ਚਾਈਂ-ਚਾਈਂ ਆਪਣਾ ਆਪਾ ਕੁਰਬਾਨ ਕਰਨਾ ਸੀ । ਸਿੱਖ-ਪੰਥ ਦੇ ਧਾਰਮਿਕ, ਸਮਾਜਿਕ

ਜੀਵਨ ਵਿੱਚੋਂ ਇਕ ਅਜਿਹੀ ਸੈਨਿਕ ਜਥੇਬੰਦੀ ਹੋਂਦ ਵਿੱਚ ਆਈ ਜਿਸ ਦਾ ਉਦੇਸ਼ ਰਾਜਨੀਤੀ ਨਹੀਂ ਬਲਕਿ ਆਪਣੇ ਪਿਆਰੇ ਗੁਰੂ ਲਈ ਮਰ-ਮਿਟਣ ਦੀ ਪਵਿੱਤਰ ਭਾਵਨਾ ਸੀ । ਨਿਰਸੰਦੇਹ ਸਿੱਖਾਂ ਨੇ ਇਤਿਹਾਸ ਵਿੱਚ ਆਪਣੇ ਧਰਮ ਦੀ ਪਵਿੱਤਰਤਾ ਤੇ ਰਾਖੀ ਲਈ ਬਹਾਦਰੀ ਦੇ ਕਈ ਲਾਸਾਨੀ ਕਾਰਨਾਮੇ ਕੀਤੇ । ਅਸਲ ਵਿਚ ਸਿੱਖ-ਪੰਥ ਵਿੱਚ ਬਹਾਦਰੀ ਤੇ ਕੁਰਬਾਨੀ ਦੀਆਂ ਰਵਾਇਤਾਂ ਦਾ ਜਨਮ-ਦਾਤਾ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਹੈ । ਬਲੀ ਤੇ ਬੇ-ਇਨਸਾਫ਼ੀ ਵਿਰੁੱਧ ਸਿੱਖਾਂ ਦੀ ਜੰਗ ਦੀ ਜਾਇਜ਼ ਕਰਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ਲਸਫ਼ੇ ਵਿੱਚੋਂ ਹੀ ਲੱਭੀ ਜਾ ਸਕਦੀ ਹੈ । ਸਿੱਖਾਂ ਦੇ ਸੈਨਿਕ ਪ੍ਰਬੰਧ ਦਾ ਇਤਿਹਾਸ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਗਹਿਰਾ ਸੰਬੰਧ ਰੱਖਦਾ ਹੈ ਕਿਉਂਕਿ ਇਹ ਸੰਸਥਾ ਸਿੱਖ ਸੈਨਿਕਾਂ ਲਈ ਹਮੇਸ਼ਾ ਹੀ ਬੜਾ ਵੱਡਾ ਪ੍ਰੇਰਨਾ-ਸ੍ਰੋਤ ਰਹੀ ਹੈ ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਪੀਰੀ ਦੇ ਨਾਲ ਮੀਰੀ ਪ੍ਰਤੀ ਦਾਅਵਾ, ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਿਰਮਾਣ, ਰਾਜਸੀ ਚਿੰਨ੍ਹਾਂ ਦਾ ਪ੍ਰਯੋਗ ਜਿਵੇਂ ਤਖ਼ਤ ਉੱਪਰ ਬੈਠਣਾ, ਦਰਬਾਰ ਲਗਾਉਣਾ; ਨੌਬਤ, ਨਿਸ਼ਾਨ, ਛਤਰ ਦੀ ਵਰਤੋਂ; ਫ਼ੌਜ ਤੇ ਸ਼ਸਤਰ ਇਕੱਠੇ ਕਰਨੇ ਆਦਿ ਨੇ ਗੁਰੂ-ਦਰਬਾਰ ਨੂੰ ਰਾਜਸੀ ਸ਼ਾਨੋ-ਸ਼ੌਕਤ ਪ੍ਰਦਾਨ ਕਰ ਦਿੱਤੀ ਸੀ । ਨਿਰਸੰਦੇਹ ਇਹ ਸਭ ਕੁਝ ਮੁਗਲ ਸਰਕਾਰ ਨੂੰ ਇਕ ਚੁਣੌਤੀ ਸੀ । ਉਪਰੋਕਤ ਕਿਸਮ ਦਾ ਰਾਜਸੀ ਠਾਠ-ਬਾਠ ਤੇ ਰਾਜ-ਸੱਤਾ ਨਾਲ ਸੰਬੰਧਿਤ ਚਿੰਨ੍ਹਾਂ ਦੀ ਵਰਤੋਂ ਸਿਰਫ਼ ਹਾਕਮ ਸ਼੍ਰੇਣੀ ਦਾ ਵਿਸ਼ੇਸ਼ਾਧਿਕਾਰ ਸੀ । ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਿਰਮਾਣ ਤੇ ਇਸ ਨਾਲ ਸੰਬੰਧਿਤ ਪ੍ਰਚਲਿਤ ਹੋਰਨਾਂ ਰਵਾਇਤਾਂ ਨੂੰ ਮੁਗ਼ਲ ਸਰਕਾਰ ਸ਼ਾਹੀ ਹੁਕਮਾਂ ਦੀ ਉਲੰਘਣਾ ਤੋਂ ਇਲਾਵਾ ਰਾਜਨੀਤੀ ਤੋਂ ਪ੍ਰੇਰਿਤ ਸਮਝਦੀ ਹੋਵੇਗੀ । ਰਾਜਸੀ ਚਿੰਨ੍ਹਾਂ ਦੀ ਹੋਂਦ ਤੇ ਪ੍ਰਯੋਗ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਇਸ ਨਿਸ਼ਚੇ ਨੂੰ ਦ੍ਰਿੜ੍ਹ ਕਰਵਾਉਂਦੀ ਹੈ ਕਿ ਕੋਈ ਜਿੰਮੇਵਾਰ ਧਾਰਮਿਕ ਆਗੂ ਰਾਜ 'ਤੇ ਜ਼ਾਲਮਾਨਾ ਵਿਹਾਰ ਕਾਰਨ ਆਪਣੇ ਧਾਰਮਿਕ ਸਮੁਦਾਇ ਲਈ ਪੈਦਾ ਹੋਏ ਖ਼ਤਰੇ ਨੂੰ ਅੱਖੋਂ-ਪਰੋਖੇ ਨਹੀਂ ਕਰ ਸਕਦਾ ।

ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਜੋ ਸਰਗਰਮੀਆਂ ਸ਼ੁਰੂ ਹੋਈਆਂ ਉਨ੍ਹਾਂ ਬਾਰੇ ਪੰਥ-ਵਿਰੋਧੀਆਂ ਨੇ ਸਿੱਖਾਂ ਦੇ ਮਨ ਵਿੱਚ ਭਰਮ ਪੈਦਾ ਕਰਨ ਦੇ ਯਤਨ ਕੀਤੇ । ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਾਨਸਿਕ ਤੌਰ 'ਤੇ ਅਸਹਿ ਅਵਸਥਾ ਵਿੱਚੋਂ ਬਿਨਾਂ ਦੱਸਿਆਂ ਗੁਜ਼ਰ ਰਹੇ ਹਨ । ਉਹ ਅੱਗੇ ਚੱਲ ਕੇ ਸਪੱਸ਼ਟ ਕਰਦੇ ਹਨ ਕਿ ਗੁਰੂ ਸਾਹਿਬ ਨੇ ਸੈਨਿਕਾਰਨਾ

ਵਿਹਾਰ ਸੰਗਤ ਦੀ ਰਖਵਾਲੀ ਲਈ ਅਪਣਾਇਆ ਹੈ । ਉਹ ਲਿਖਦੇ ਹਨ ਕਿ ਹਮੇਸ਼ਾ ਅਹਿੰਸਾ ਦੀ ਪਾਲਣਾ ਮਨੁੱਖਤਾ ਦੇ ਹਿੱਤ ਵਿੱਚ ਨਹੀਂ । ਉਹ ਦੱਸਦੇ ਹਨ ਕਿ ਜਿਵੇਂ ਨਾਰੀਅਲ ਵਿੱਚੋਂ ਗਿਰੀ, ਸੱਪ ਦੇ ਸਿਰ ਵਿੱਚੋਂ ਮਣੀ, ਹਿਰਨ ਦੇ ਢਿੱਡ ਵਿੱਚੋਂ ਕਸਤੂਰੀ, ਲੌਹੇ ਨੂੰ ਸੋਧਣ ਲਈ ਅਹਿਰਣ, ਪਾਣੀ ਕੱਢਣ ਲਈ ਮਸ਼ਕ ਨੂੰ ਗਲ ਤੋਂ ਬੰਨ੍ਹਣ ਲਈ ਸ਼ਕਤੀ ਦਾ ਪ੍ਰਯੋਗ ਕਰਨਾ ਪੈਂਦਾ ਹੈ ਤਿਵੇਂ ਪਰਉਪਕਾਰ ਲਈ ਸ਼ਕਤੀ ਦੀ ਵਰਤੋਂ ਜਾਇਜ਼ ਹੈ । ਭਾਈ ਗੁਰਦਾਸ ਜੀ ਨੇ ਸ਼ਕਤੀ ਦੇ ਪ੍ਰਯੋਗ ਦਾ ਜੋ ਸਿਧਾਂਤ ਪ੍ਰਸਤੁਤ ਕੀਤਾ ਉਸ ਦੀ ਪੁਸ਼ਟੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਮਰਾਠਾ ਸੰਤ ਸਮਰੱਥ ਰਾਮਦਾਸ ਵਿਚਕਾਰ ਹੋਏ ਸੰਵਾਦ ਤੋਂ ਵੀ ਹੋ ਜਾਂਦੀ ਹੈ । ਗੁਰੂ ਸਾਹਿਬ ਦੀ ਸੈਨਾ, ਸ਼ਸਤਰ ਤੇ ਘੋੜਿਆਂ ਉੱਪਰ ਹੈਰਾਨੀ ਪ੍ਰਗਟਾਉਂਦਿਆਂ ਸੰਤ ਰਾਮਦਾਸ ਨੇ ਉਨ੍ਹਾਂ ਨੂੰ ਪ੍ਰਸ਼ਨ ਕੀਤਾ ਸੀਹ ਕਿ "ਹਉਂ ਸੁਣਿਆ ਥਾ ਨਾਨਕ ਕੀ ਗੱਦੀ ਪਰ ਬੈਠਾ ਹੈ । ਨਾਨਕ ਗੁਰੂ ਤਿਆਗੀ ਸਾਧੂ ਥੇ । ਤੁਮ ਸ਼ਸਤਰ ਧਾਰਨ ਕਰੇ ਹੈਨ, ਘੋੜੇ ਫੌਜ ਰਾਖੀ ਹੈ । ਸਚਾ ਪਾਤਸ਼ਾਹ ਕਹਾਵਤਾ ਹੈ, ਕੈਸਾ ਸਾਧੂ ਹੈ?" ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਵਾਬ ਦਿੱਤਾ ਸੀ ਕਿ "ਬਾਤਨ ਫਕੀਰੀ ਜ਼ਾਹਰ ਅਮੀਰੀ, ਸ਼ਸਤਰ ਗਰੀਬ ਦੀ ਰੱਖਿਆ, ਜਰਵਾਣੇ ਦੀ ਭਖਿਆ । ਬਾਬਾ ਨਾਨਕ ਸੰਸਾਰ ਨਹੀਂ ਤਿਆਗਿਆ ਥਾ, ਮਾਯਾ ਤਿਆਗੀ ਥੀ ।" ਗੁਰੂ ਸਾਹਿਬ ਦੇ ਉਪਰੋਕਤ ਉੱਤਰ ਉੱਤੇ ਤਸੱਲੀ ਪ੍ਰਗਟ ਕਰਦਿਆਂ ਸੰਤ ਰਾਮਦਾਸ ਨੇ ਕਿਹਾ ਸੀ ਕਿ "ਯਹ ਬਾਤ ਹਮਾਰੇ ਮਨ ਭਾਵਤੀ ਹੈ ।" ਉਪਰੋਕਤ ਸੰਵਾਦ ਤੋਂ ਸਪੱਸ਼ਟ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਸਿੱਖ-ਪੰਥ ਨੂੰ ਸੈਨਿਕ ਜਥੇਬੰਦੀ ਵਿੱਚ ਸੰਗਠਿਤ ਕਰਨ ਅਤੇ ਮੀਰੀ-ਪੀਰੀ ਦੇ ਸਿਧਾਂਤ ਉੱਪਰ ਅਮਲ ਦਾ ਪ੍ਰਯੋਜਨ ਸਿੱਖ-ਪੰਥ ਨੂੰ ਸਵੈ-ਰੱਖਿਆ ਦੇ ਪੱਖੋਂ ਸਵੈ-ਨਿਰਭਰ ਬਣਾਉਣਾ ਸੀ । ਦੂਜੇ, ਸ਼ਕਤੀ ਦਾ ਪ੍ਰਯੋਗ ਗਰੀਬਾਂ ਦੀ ਰੱਖਿਆ ਤੇ ਜਰਵਾਣੇ ਦੇ ਨਾਸ਼ ਲਈ ਧਾਰਮਿਕ ਤੌਰ 'ਤੇ ਜਾਇਜ਼ ਸੀ । ਮੀਰੀ-ਪੀਰੀ ਦੇ ਸਿਧਾਂਤ ਉੱਪਰ ਅਮਲ ਤੋਂ ਇਹ ਭਾਵ ਕਦਾਚਿਤ ਨਹੀਂ ਸੀ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਉਚ ਅਧਿਆਤਮਕ ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦੇ ਦਿੱਤੀ ਸੀ । ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਹਰਿਗੋਰਿੰਦ ਸਾਹਿਬ ਜੀ ਦੀ ਸ਼ਖ਼ਸੀਅਤ ਨੂੰ ਬਿਆਨ ਕਰਦਿਆਂ ਉਨ੍ਹਾਂ ਨੂੰ ਸੂਰਬੀਰ ਤੋਂ ਇਲਾਵਾ ਬੜੇ ਵੱਡੇ ਪਰਉਪਕਾਰੀ ਦੱਸਿਆ ਹੈ। ਉਨ੍ਹਾਂ ਦੇ ਸਮੇਂ ਦੇ ਸਿੱਖ ਪਹਿਲੇ ਨਾਲੋਂ ਕੋਈ ਘੱਟ ਭਗਤੀ ਭਾਵਨਾ ਵਾਲੇ ਨਹੀਂ ਸਨ । ਫ਼ਰਕ ਕੇਵਲ ਇਹ ਸੀ ਭਗਤੀ ਤੇ ਸ਼ਕਤੀ ਅਤੇ ਸੰਤ ਤੇ ਸਿਪਾਹੀ ਦੇ ਗੁਣਾਂ ਕਾਰਨ ਉਹ ਨਿਡਰ ਹੋ ਕੇ ਬਹਾਦਰਾਂ ਦੀ ਕੌਮ

ਬਣ ਗਏ ਸਨ। ਜੇਕਰ ਮਾਨਵਤਾ ਦੇ ਕਲਿਆਣ ਲਈ ਸਿੱਖਾਂ ਨੂੰ ਸੈਨਿਕ ਸੰਘਰਸ਼ ਵਿੱਚ ਕੁੱਦਣ ਦੀ ਸਥਿਤੀ ਪੈਦਾ ਹੋ ਗਈ ਤਾਂ ਉਨ੍ਹਾਂ ਸੰਘਰਸ਼ ਦੌਰਾਨ ਮਾਨਵੀ ਕਦਰਾਂ-ਕੀਮਤਾਂ ਦਾ ਤਿਆਗ ਨਹੀਂ ਸੀ ਕਰਨਾ। ਸ੍ਰੀ ਅਕਾਲ ਤਖ਼ਤ ਸਾਹਿਬ ਮਨੁੱਖਤਾ ਤੇ ਸਮਾਜ ਦੇ ਭਲੇ ਅਤੇ ਜ਼ੁਲਮ ਦਾ ਵਿਰੋਧ ਕਰਨ ਲਈ ਛੇੜੇ ਸੰਘਰਸ਼ ਵਿੱਚ ਸਿੱਖਾਂ ਨੂੰ ਅਗਵਾਈ ਪ੍ਰਦਾਨ ਕਰਦਾ ਰਿਹਾ ਹੈ। ਸਿਰਫ਼ ਇਹ ਹੀ ਨਹੀਂ ਬਲਕਿ ਐਸੇ ਸੰਘਰਸ਼ ਦੇ ਸੰਚਾਲਨ ਲਈ ਭਗਤੀ ਤੇ ਸ਼ਕਤੀ ਦੇ ਰੰਗ ਵਿੱਚ ਰੰਗੇ ਸੰਤ-ਸਿਪਾਹੀਆਂ ਨੂੰ ਲਾਮਬੰਦ ਹੋਣ ਲਈ ਸੰਦੇਸ਼ ਵੀ ਦਿੰਦਾ ਰਿਹਾ ਹੈ।

ਸਿੱਖ-ਪੰਥ ਦੇ ਇਤਿਹਾਸਕ ਅਨੁਭਵ, ਮੁਗਲ ਸਰਕਾਰ ਦੇ ਸਿੱਖ-ਪੰਥ ਪ੍ਰਤੀ ਰਵੱਈਏ ਤੇ ਸਿੱਖ ਗੁਰੂ ਸਾਹਿਬਾਨ ਦੇ ਰਾਜਨੀਤੀ ਪ੍ਰਤੀ ਦ੍ਰਿਸ਼ਟੀਕੋਣ ਦੀ ਅਧੂਰੀ ਸਮਝ ਕਾਰਨ ਬਹੁਤ ਸਾਰੇ ਵਿਦਵਾਨਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੇ ਮੀਰੀ-ਪੀਰੀ ਦੇ ਸਿਧਾਂਤ ਉੱਪਰ ਅਮਲ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੇ ਉਲਟ ਜਾਣਿਆ ਹੈ। ਭਾਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਸਿੱਖ-ਪੰਥ ਦੀਆਂ ਧਾਰਮਿਕ ਤੇ ਰਾਜਨੀਤਿਕ ਜ਼ਰੂਰਤਾਂ ਵਜੋਂ ਹੋਂਦ ਵਿਚ ਆਈ ਪਰ ਇਸ ਦਾ ਸਿੱਖ ਗੁਰੂ ਸਾਹਿਬਾਨ ਦੇ ਚਿੰਤਨ ਨਾਲ ਕੋਈ ਵਿਰੋਧ ਨਹੀਂ, ਬਲਕਿ ਗਹਿਰਾ ਸੰਬੰਧ ਸੀ। ਇਹ ਸੰਸਥਾ ਸਿੱਖ-ਪੰਥ ਨੂੰ ਰਾਜਨੀਤੀ ਪ੍ਰਤੀ ਉਪਰਾਮਤਾ ਜਾਂ ਬੇਬਸੀ ਦਾ ਉਪਦੇਸ਼ ਨਹੀਂ ਦਿੰਦੀ ਬਲਕਿ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਣ ਦੀ ਪ੍ਰੇਰਨਾ ਦਿੰਦੀ ਹੈ। ਇਸ ਦੀ ਸਥਾਪਨਾ ਸਿੱਖਾਂ ਦੁਆਰਾ ਜਬਰ-ਜ਼ੁਲਮ ਵਿਰੁੱਧ ਲੜੇ ਸੈਨਿਕ ਸੰਘਰਸ਼ ਦੀ ਪ੍ਰਤੱਖ ਮਿਸਾਲ ਹੈ, ਜਿਸ ਨੇ ਸਿੱਖ-ਮਾਨਸਿਕਤਾ ਨੂੰ ਹਮੇਸ਼ਾ ਹੀ ਟੁੰਬਿਆ ਹੈ। ਸਿੱਖ-ਪੰਥ ਦੀ ਧਾਰਮਿਕ ਤੇ ਰਾਜਨੀਤਿਕ ਤੌਰ 'ਤੇ ਸਰਬਉੱਚ ਸੰਸਥਾ ਹੋਣ ਕਰਕੇ ਇਸ ਨੇ ਸਿੱਖ-ਪੰਥ ਦੇ ਇਤਿਹਾਸ ਉੱਪਰ ਬੜਾ ਗਹਿਰਾ ਪ੍ਰਭਾਵ ਛੱਡਿਆ ਹੈ। 18ਵੀਂ ਸਦੀ ਦੀਆਂ ਸਿੱਖ-ਪੰਥ ਦੀਆਂ ਧਾਰਮਿਕ-ਰਾਜਨੀਤਿਕ ਸੰਸਥਾਵਾਂ ਜਿਵੇਂ ਸਰਬੱਤ ਖਾਲਸਾ, ਦਲ ਖਾਲਸਾ, ਮਿਸਲਾਂ, ਗੁਰਮਤਾ ਆਦਿ ਲਈ ਇਹ ਆਧਾਰਸ਼ਿਲਾ ਸਾਬਿਤ ਹੋਈ ਹੈ। ਸਿੱਖ-ਪੰਥ ਨੇ ਬਹੁਤ ਸਾਰੇ ਗੰਭੀਰ ਤੇ ਨਾਜ਼ੁਕ ਮਸਲਿਆਂ ਦੇ ਹੱਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ ਹੀ ਲੱਭੇ ਹਨ।

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਦੀ

## ਜਗਤ ਫੇਰੀ ਦਾ ਸੰਖੇਪ

**ਜਨਮ-** ਹਾੜ ਵਦੀ 6 (21 ਹਾੜ) ; ਸੰਮਤ 1652, (14 ਜੂਨ, 1595) ਗੁਰੂ ਕੀ ਵਡਾਲੀ (ਅੰਮ੍ਰਿਤਸਰ)।

**ਮਾਤਾ ਪਿਤਾ-** ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਮਾਤਾ ਗੰਗਾ ਜੀ।

**ਗੁਰਿਆਈ-** ਜੇਠ ਵਦੀ 14-(28 ਜੇਠ ਸੰਮਤ 1663)।

**ਸੰਤਾਨ-** (ੳ) ਸ੍ਰੀ ਮਾਤਾ ਦਮੋਦਰੀ ਜੀ ਦੀ ਕੁੱਖੋਂ-

ਬਾਬਾ ਗੁਰਦਿੱਤਾ ਜੀ, ਬੀਬੀ ਵੀਰੋ ਜੀ, ਸ੍ਰੀ ਅਣੀ ਰਾਏ ਜੀ।

(ਅ) ਸ੍ਰੀ ਮਾਤਾ ਨਾਨਕੀ ਜੀ ਦੀ ਕੁੱਖੋਂ -

ਬਾਬਾ ਅਟੱਲ ਰਾਏ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ।

(ੲ) ਸ੍ਰੀ ਮਾਤਾ ਮਹਾਂ ਦੇਵੀ ਜੀ ਤੋਂ ਸ੍ਰੀ ਸੂਰਜ ਮਲ ਜੀ।

**ਰਚੇ ਅਸਥਾਨ-** ਕਿਲ੍ਹਾ ਲੋਹਗੜ੍ਹ, ਸ੍ਰੀ ਅਕਾਲ ਤਖਤ, ਡੇਰਾ ਸਾਹਿਬ (ਲਾਹੌਰ), ਕੀਰਤਪੁਰ, ਮਹਿਰਾਜ, ਕੌਲਸਰ, ਬਿਬੇਕ ਸਰ, ਸ੍ਰੀ ਹਰਿਗੋਬਿੰਦਪੁਰ, ਗੁਰੂ ਸਰ।

**ਲੜੇ ਜੰਗ-** (1) ਅੰਮ੍ਰਿਤਸਰ,(2) ਸ੍ਰੀ ਹਰਿਗੋਬਿੰਦਪੁਰ,(3) ਗੁਰੂ ਸਰ (ਮਹਿਰਾਜ), (4) ਕਰਤਾਰਪੁਰ (ਜਲੰਧਰ)।

**ਜੋਤੀ ਜੋਤ ਸਮਾਏ-** ਚੇਤ ਸੁਦੀ 5 (6 ਚੇਤ), ਸੰਮਤ 1701, 2 ਮਾਰਚ ਸੰਨ 1644, ਕੀਰਤਪੁਰ (ਰੋਪੜ)।

## "ਛੇਵਾਂ ਪੀਰੁ ਬੈਠਾ ਗੁਰੁ ਭਾਰੀ ॥"

ਪ੍ਰਿੰ: ਹਰਿਭਜਨ ਸਿੰਘ

ਪਰਬਤੀ ਸੋਮਿਆਂ ਤੇ ਬਰਫ਼ ਦੇ ਤੋਦਿਆਂ ਤੋਂ ਸਫੁੱਟ ਨਿਕਲੀ ਨਦੀ ਸਿਰ ਤਲਵਾਈ, ਉਮਲ ਉਮਲ, ਆਪਣੇ ਸੋਮੇ, ਸ਼ਹੁ-ਸਾਗਰ-ਵਲ, ਵਧਦੀ ਤੇ ਇੱਕ ਅਨੰਤ ਤੋਰ ਤੁਰਦੀ, ਕਿਸੇ ਅਜ਼ਲੀ ਪ੍ਰੀਤ-ਖਿੱਚ ਦੀ ਰਮਜ ਸਮਝਾਂਦੀ ਹੈ । ਜਦ ਕਦੀ ਇਸ ਦੀ ਇਸ ਇਕ-ਰਸ ਤੋਰ ਵਿੱਚ ਕੋਈ ਚਟਾਨ ਰੁਕਾਵਟ ਤੇ ਵਿਘਨ ਪਾਉਣ ਦਾ ਜਤਨ ਕਰਦੀ ਹੈ ਤਾਂ ਇਸ ਦਾ ਪ੍ਰਵਾਹ ਰੁਕਦਾ ਨਹੀਂ, ਸਗੋਂ 'ਆਬਸ਼ਾਰ' ਦਾ ਰੂਪ ਧਾਰ, ਬੜੇ ਜ਼ੋਰ ਸ਼ੋਰ, ਰੋਹ ਤੇ ਗਰਜ ਨਾਲ, ਇਕ ਆਭਾ-ਭਰਪੂਰ ਦ੍ਰਿਸ਼ ਪੈਦਾ ਕਰਦਾ ਤੇ ਆਪਣੀ ਮੰਜ਼ਲ ਵਲ ਵਧਦਾ ਹੈ । ਨਦੀ ਉਹੀ ਹੁੰਦੀ ਹੈ ਅਤੇ ਮਿਥੀ ਮੰਜ਼ਲ ਵੀ ਓਹੀ । 'ਆਬਸ਼ਾਰ' ਦਾ ਰੂਪ ਕੇਵਲ ਰਾਹ ਵਿੱਚ ਆਈ ਅਟਕ ਦੇ ਕਾਰਨ ਧਾਰਨਾ ਪਿਆ ।

ਸ੍ਰੀ ਅਕਾਲ ਪੁਰਖ ਨੇ ਆਪ 'ਪਾਪ ਗ੍ਰਾਸੀ ਪ੍ਰਿਥਵੀ ਦੀ-ਪੁਕਾਰ ਸੁਣੀ, ਤਰੁੱਠੇ ਅਤੇ ਜਗਤ-ਜੀਵਾਂ ਦੀ ਕਲਿਆਣ ਤੇ ਸਦੀਵੀ ਅਗਵਾਈ ਲਈ, ਗੋਬਿੰਦ ਰੂਪ-ਸ੍ਰੀ ਗੁਰੂ ਨਾਨਕ ਦੇਵ ਜੀ- ਨੂੰ 'ਜਗ ਮਾਹਿ ਪਠਾਇਆ ।' ਧਾਰਮਿਕ, ਭਾਈਚਾਰਕ ਤੇ ਰਾਜਨੀਤਿਕ ਖੇਤਰ ਵਿੱਚ "ਬੇਬਾਕ ਬਾਬੇ" ਨੇ ਆਪਣੇ ਪੰਜਵੇਂ ਰੂਪ ਤਕ ਇੱਕ ਗੰਭੀਰ, ਅਮਰ ਤੇ ਇਨਕਲਾਬੀ ਅਗਵਾਈ ਦਿੱਤੀ । ਉਨ੍ਹਾਂ ਨੇ ਅੰਨਿਆਈ ਰਾਜਿਆਂ, ਜਾਬਰ ਹਾਕਮਾਂ, ਫੋਕਟ ਧਰਮਾਂ ਦੇ ਠੇਕੇਦਾਰਾਂ, ਪਾਖੰਡੀਆਂ ਤੇ ਭੇਖ-ਧਾਰੀਆਂ ਨੂੰ ਖੂਬ ਛੰਡਿਆ । ਗੁਰਮਤਿ ਵੀਚਾਰ ਧਾਰਾ ਦੀ ਇਹ ਨਿਰਮਲ ਨਦੀ ਇਕ ਅਰੁਕਵੇਂ ਵੇਗ ਵਿੱਚ ਆਪਣੀ ਮਿਥੀ ਮੰਜ਼ਲ ਵੱਲ ਅੱਗੇ ਵਧਦੀ ਗਈ ।

ਆਖਰ, ਜਦ ਜ਼ੋਰ, ਜਬਰ, ਈਰਖਾ ਤੇ ਸੁਆਰਥ ਦੀਆਂ ਅਸੁਰੀ ਸ਼ਕਤੀਆਂ ਨੇ, ਪਸ਼ੂ-ਬਲ ਨਾਲ ਬਾਬੇ ਦੀ ਸਬਰ, ਸਿਦਕ, ਸੰਤੋਖ, ਸਮਾਨਤਾ ਤੇ ਸਮੂਹ ਸਦਗੁਣਾਂ ਨਾਲ ਭਰਪੂਰ, ਨਿਰਮਲ ਵਿਚਾਰਧਾਰਾ ਨੂੰ ਡੱਕ ਪਾਉਣ ਲਈ ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥ, ਸੁਖਮਨੀ-ਕਰਤਾ, ਪੰਚਮ ਸਤਿਗੁਰੂ ਨੂੰ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਤਾਂ ਗੁਰਮਤ ਦਾ ਇਹ ਪ੍ਰਵਾਹ, ਰੁਕਣ ਦੀ ਥਾਂ, 'ਦਲ ਭੰਜਨ' 'ਪਰ ਉਪਕਾਰੀ' ਤੇ 'ਭਾਰੀ' ਗੁਰੂ ਹਰਗੋਬਿੰਦ ਸਾਹਿਬ ਦੇ ਰੂਪ ਵਿੱਚ ਇਕ ਆਬਸ਼ਾਰ ਦੀ ਤਰ੍ਹਾਂ ਪ੍ਰਗਟ ਹੋਇਆ । ਸਤਿਗੁਰੂ ਨੇ 'ਮੀਰੀ' ਤੇ 'ਪੀਰੀ' ਦੀਆਂ ਦੋ ਤਲਵਾਰਾਂ ਪਹਿਨੀਆਂ । ਸੰਨਿਆਸੀਆਂ ਦੀਆਂ 'ਛਾਉਣੀਆਂ' ਵਿੱਚ ਮਾਲ੍ਹ ਪੂੜਾ ਛਕਣ ਅਤੇ ਨਵਿਰਤੀ-ਮਾਰਗ ਤੇ ਅਹਿੰਸਾ ਦਾ ਪ੍ਰਚਾਰ ਕਰਨ ਵਾਲੇ, ਤੇ ਸਿਰ-ਸੁੱਟੀ ਜਬਰ ਸਹਿਣ ਕਰਨ ਵਾਲੀ ਬਿਰਤੀ ਦੇ ਧਾਰਨੀ, ਬੇਬਸ ਹੋ ਚੁੱਕੇ ਲੋਕਾਂ ਲਈ, ਇਹ ਇੱਕ ਅਜਿਹਾ ਪ੍ਰੀਵਰਤਨ ਸੀ, ਜਿਸ ਨੂੰ ਵੇਖ ਕੇ ਉਹਨਾਂ
ਦੇ ਲੋਕਾਂ ਲਈ, ਇਹ ਇੱਕ ਅਜਿਹਾ ਪ੍ਰੀਵਰਤਨ ਸੀ, ਜਿਸ ਨੂੰ ਵੇਖ ਕੇ ਉਹਨਾਂ ਦੇ

ਦਿਲ ਦਿਮਾਗ ਚਕਰਾ ਗਏ, ਹਾਲਾਂਕਿ 'ਜੋਤੀ' ਵੀ ਉਹੀ ਸੀ ਤੇ 'ਜੁਗਤੀ' ਵੀ ਉਹੀ । ਫਰਕ ਸੀ ਤਾਂ ਕੇਵਲ ਬਾਹਰ ਦਿਸਦੇ ਸਰੂਪਾਂ (ਬਾਣੇ) ਤੇ ਸਾਧਨਾਂ ਦਾ ।

ਭਾਈ ਗੁਰਦਾਸ ਜੀ ਨੇ ਇਸ ਤਬਦੀਲੀ ਨੂੰ ਤੱਕਿਆ, ਰਮਜ਼ ਨੂੰ ਸਮਝਿਆ ਅਤੇ ਸਦੀਆਂ ਤੋਂ ਅੰਧਕਾਰ ਤੇ 'ਅਹਿੰਸਾ' ਦੇ ਫੋਕਟ ਫਲਸਫੇ ਵਿੱਚ ਗ੍ਰਸੀ ਲੋਕਾਈ ਨੂੰ ਇਉਂ ਕੂਕ ਸੁਣਾਇਆ :-

1 ਪੰਜ ਪਿਆਲੇ ਪੰਜ ਪੀਰ, ਛਠਮੁ ਪੀਰੁ ਬੈਠਾ ਗੁਰ ਭਾਰੀ ॥
2 ਅਰਜੁਨ ਕਾਇਆਂ ਪਲਟਿ ਕੇ, ਮੂਰਤਿ ਹਰਿ ਗੋਬਿੰਦ ਸਵਾਰੀ ॥
3 ਚਲੀ ਪੀੜੀ ਸੋਢੀਆਂ, ਰੂਪ ਦਿਖਾਵਣਿ ਵਾਰੋ ਵਾਰੀ ॥
4 ਦਲ ਭੰਜਨ ਗੁਰੁ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ ॥
5 ਪੁਛਨਿ ਸਿਖ ਅਰਦਾਸਿ ਕਰਿ, ਛਿਅ ਮਹਿਲਾਂ ਤਕਿ ਦਰਸੁ ਨਿਹਾਰੀ ॥
6 ਅਗਮ ਅਗੋਚਰ ਸਤਿਗੁਰੂ, ਬੋਲੇ ਮੁਖ ਤੇ ਸੁਣਹੁ ਸੰਸਾਰੀ ॥
7 ਕਲਜੁਗਿ ਪੀੜੀ ਸੋਢੀਆਂ, ਨਿਹਚਲ ਨੀਵ ਉਸਾਰਿ ਖਲਾਰੀ ॥
8 ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ ॥ 48 ॥ (ਵਾਰ,1)

ਗਿਆਨੀ ਹਜ਼ਾਰਾ ਸਿੰਘ ਜੀ ਨੇ ਇਸ ਪਉੜੀ ਦਾ ਟੀਕਾ ਇਉਂ ਕੀਤਾ ਹੈ ।

1 ਪੰਜ ਪੀਰ (ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ), ਗੁਰੂ ਅਰਜਨ ਜੀ ਨੇ) ਤੇ ਪੰਜ ਪਿਆਲੇ ਸੱਤ, ਸੰਤੋਖ ਦਯਾ, ਧਰਮ, ਧੀਰਜ ਦੇ ਪੀਤੇ, ਭਾਵ ਸਤੋਗੁਣ ਦਾ ਬੜਾ ਅਭਿਆਸ ਕੀਤਾ । ਛੇਵਾਂ ਪੀਰ ਭਾਰੀ ਗੁਰੂ, ਗੱਦੀ ਤੇ ਬੈਠਾ (ਭਾਵ ਇਹਨਾਂ ਨੇ ਦੇਗ ਤੇਗ ਦੀਆਂ ਦੋ ਤਲਵਾਰਾਂ ਪਹਿਨੀਆਂ । ਸ਼ਾਂਤ-ਰਸ ਦੇ ਨਾਲ ਬੀਰ-ਰਸ ਦੇ ਪਿਆਲੇ ਪੀਤੇ ।

2 ਗੁਰੂ ਅਰਜਨ ਜੀ ਨੇ ਹੀ ਆਪਣੀ ਕਾਇਆਂ ਪਲਟਕੇ ਹਰਿ ਗੋਬਿੰਦ ਦੀ ਮੂਰਤੀ ਸਵਾਰੀ ।

3 (ਹੁਣ) ਸੋਢੀਆਂ ਦੀ ਪੀੜੀ (ਅੱਗੋਂ) ਤੁਰ ਪਈ, ਵਾਰੋ ਵਾਰੀ (ਗੁਰੂ) ਰੂਪ ਦਸਣਗੇ ।

4 ਇਹ ਬੀਰ ਗੁਰੂ (ਮਲੇਛਾਂ ਦੇ) ਦਲਾਂ ਦਾ ਤੋੜਨਹਾਰ, ਵਡਾ ਜੋਧਾ ਤੇ ਪਰ-ਉਪਕਾਰੀ ਉਠਿਆ ਹੈ ।

5 (ਹੁਣ) ਸਿੱਖ ਅਰਦਾਸ ਕਰਕੇ ਪੁੱਛਣ ਲੱਗੇ (ਹੇ ਦੀਨ ਦਿਆਲ !) ਛੀ ਮਹਿਲਾਂ ਤੀਕ ਤਾਂ ਦਰਸ਼ਨ ਹੋਏ ਹਨ । (ਅੱਗੋਂ ਕਿੰਨੇ ਕੁ ਹੋਣਗੇ) ?

6 ਅਗਮ ਅਗੋਚਰ (ਅਰਥਾਤ, ਮਨ ਬਾਣੀ ਤੋਂ ਪਰੇ) ਸਤਿਗੁਰੂ ਜੀ ਨੇ ਅਗਮ (ਅਗੰਮ ਵਾਕ) ਮੁੱਖ ਤੋਂ ਬੋਲੇ, 'ਸੁਣੋ, ਹੇ ਸੰਸਾਰੀ ਲੋਕੋ ।

7 ਕਲਜੁਗ ਵਿੱਚ ਸੋਢੀਆਂ ਦੀ ਪੀੜੀ ਦੀ ਨੀਂਵ ਅਟੱਲ ਉਸਾਰ ਕੇ ਖੜੀ

ਕੀਤੀ ਗਈ ਹੈ ।

8 ਪ੍ਰੰਤੂ, ਹੋਰ ਅਵਤਾਰ 'ਜੁਗ ਜੁਗ' (ਦੋ ਦੂਣੀ ਚਾਰ, ਜਾਂ 2+2=4) ਸਤਿਗੁਰੂ ਧਾਰਨ ਕਰਣਗੇ ।

ਭਾਵ-ਗੁਰੂ ਜੀ ਨੇ ਭਵਿੱਖਤ ਵਾਕ ਕੀਤਾ : ਹੇ ਸੰਸਾਰੀਓ ! ਸੁਣੋ, ਅੱਗੇ ਚਾਰ ਅਵਤਾਰ-ਗੁਰੂ ਹਰਿ ਰਾਇ, ਗੁਰੂ ਹਰਿ ਕ੍ਰਿਸ਼ਨ, ਗੁਰੂ ਤੇਗ ਰਹਾਦਰ ਤੇ ਗੁਰੂ ਗੋਬਿੰਦ ਸਿੰਘ ਤੀਕ, ਸਤਿਗੁਰੂ, ਗੁਰੂ ਨਾਨਕ ਜੀ ਧਾਰਨ ਕਰਨਗੇ ; ਪ੍ਰੰਤੂ ਸੋਢੀਆਂ ਦੀ ਨੀਂਵ ਅਟੱਲ ਰਹੇਗੀ । ਅੰਮ੍ਰਿਤ ਛਕਾ ਕੇ ਪੰਥ ਸੋਢੀ-ਬੰਸ ਹੋ ਕੇ ਗੁਰਤਾ ਪ੍ਰਾਪਤ ਕਰੇਗਾ । ਜੇ ਕੋਈ ਪ੍ਰਸ਼ਨ ਕਰੇ ਕਿ ਇਹ ਕਿੱਕੁਰ ਜਾਤਾ ? ਉੱਤਰ-ਅਗਮ ਅਗੋਚਰ ਈਸ਼ਵਰ ਰੂਪ ਆਪ ਗੁਰੂ ਹਰਿਗੋਬਿੰਦ ਜੀ ਅੰਤਰਯਾਮੀ ਹਨ । ਨਾਨਕ, ਸਾਧ ਪ੍ਰਭ ਭੇਦੁ ਨ ਭਾਈ ।' ਪੁਨਾ : 'ਪ੍ਰਭੁ ਜੀ ਬਸੈ ਸਾਧ ਕੀ ਰਸਨਾ ।' ਚੌਥੀ ਤੁਕ ਵਿੱਚ ਦੱਸਿਆ ਹੈ ਕਿ ਛੇਵਾਂ ਗੁਰੂ ਜੋਧਾ ਦਲ-ਭੰਜਨ ਹੈ, ਪਰ ਨਾਲ ਪਰਉਪਕਾਰੀ ਕਹਿ ਕੇ ਜਤਾ ਦਿੱਤਾ ਹੈ ਕਿ ਸ਼ਸਤ੍ਰ ਪਰਉਪਕਾਰ ਵਾਸਤੇ ਧਾਰਨ ਕੀਤੇ ਹਨ, ਨਾ ਕਿ ਰਾਜ ਦੇ ਲਾਲਚ ਪਿੱਛੇ ।

ਨਿਰੰਕਾਰੀ ਬਾਬੇ ਨੇ ਆਪਣੇ ਹਰੇਕ ਜਾਮੇ ਅਥਵਾ ਮਹਲ ਵਿੱਚ 'ਪੂਰਨ-ਮਨੁੱਖ-ਖਾਲਸਾ'-ਦੀ ਸਿਰਜਨਾ ਤੇ ਸੰਪੂਰਨਤਾ ਲਈ ਕੁਝ ਇੱਕ ਵਿਸ਼ੇਸ਼ ਕਰਤੱਵ ਕੀਤੇ ਹਨ : ਪੂਰਨੇ ਪਾਏ ਹਨ। ਮਨੁੱਖ ਦੇ ਹਿਰਦੇ ਵਿੱਚ ਜਗਤ ਜੋਤਿ ਦਾ ਜਗਾਉਣਾ ਅਤੇ 'ੴ' ਜਾਗਦੀ ਜੋਤਿ ਦੇ ਉਪਾਸ਼ਕ 'ਖਾਲਸੇ' ਦੀ ਸੰਪੂਰਨਤਾ ਵਲ ਵਧਣਾ, ਉਹਨਾਂ ਨੂੰ ਮਕਸੂਦ ਸੀ । ਸੋ, ਇਹ ਤੋਰ, 239 ਸਾਲ ਤੇ ਨੌਂ ਕੁ ਮਹੀਨੇ, ਨਿਰੰਤਰ ਜਾਰੀ ਰਹੀ ।

'ਛਠਮ ਪੀਰੁ' 'ਮੀਰੀ ਪੀਰੀ' ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ, ਦਾ ਅਵਤਾਰ 19 ਜੂਨ 1595 (ਸੰਮਤ 1652) ਨੂੰ, ਬਾਬਾ ਬੁੱਢਾ ਜੀ ਦੀ ਅਰਦਾਸ ਨਾਲ, ਸ੍ਰੀ ਮਾਤਾ ਗੰਗਾ ਜੀ ਦੀ ਕੁੱਖੋਂ, ਗੁਰੂ ਕੀ ਵਡਾਲੀ (ਅੰਮ੍ਰਿਤਸਰ) ਵਿਖੇ ਹੋਇਆ । ਤਾਏ ਪ੍ਰਿਥੀਏ ਤੇ ਤਾਈ ਕਰਮੋਂ ਨੇ ਬਾਲ ਗੁਰੂ ਉੱਤੇ ਤਿੰਨ ਵਾਰ ਕੀਤੇ ; ਪਰੰਤੂ, ਅਕਾਲ ਪੁਰਖ ਨੇ ਹਰ ਸਮੇਂ ਰੱਖਿਆ ਕੀਤੀ । ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਗਿਆ ਅਨੁਸਾਰ ; ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ, 25 ਮਈ ਸੰਨ 1606 ਨੂੰ 11 ਕੁ ਸਾਲ ਦੀ ਉਮਰ ਵਿੱਚ ਤਿਲਕ ਲਾਇਆ ਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨਾਈਆਂ । ਗੁਰੂ ਜੀ ਨੇ, ਦਸਤਾਰ, ਕਲਗੀ ਤੇ ਦੋ ਤਲਵਾਰਾਂ ਸਜਾਈਆਂ ।

ਗੁਰ-ਗੱਦੀ ਉੱਤੇ ਬਿਰਾਜਮਾਨ ਹੁੰਦਿਆਂ ਹੀ ਬਾਲ ਵਰੇਸ ਗੁਰੂ ਜੀ ਨੇ, ਪੂਜਯ ਪਿਤਾ ਜੀ ਦੇ ਹੁਕਮ ਨਾਮਿਆਂ ਤੇ ਵਿਉਂਤ ਦੀ ਪੂਰਤੀ ਹਿੱਤ, ਮਸੰਦਾਂ ਤੇ ਸੰਗਤਾਂ ਨੂੰ ਹੁਕਮਨਾਮੇ ਜਾਰੀ ਕੀਤੇ ਕਿ ਅੱਗੇ ਨੂੰ ਹੋਰ ਭੇਟ ਦੇ ਨਾਲ, ਖਾਸ ਤੌਰ ਤੇ

ਵਧੀਆ ਘੋੜੇ ਤੇ ਸ਼ਸਤਰ ਵੀ ਲਿਆਂਦੇ ਜਾਣ । ਸਿੱਖ ਕੌਮ ਵਿੱਚ ਬੀਰ ਰਸ ਜਗਾਉਣ ਦਾ ਇਹ ਇੱਕ ਅਤਿ ਲੋੜੀਂਦਾ ਸਾਧਨ ਸੀ ਸਮੇਂ ਦਾ ਤਕਾਜ਼ਾ ਵੀ ਇਹੋ ਸੀ ਕਿ ਲੋਕਾਂ ਨੂੰ ਅਣਖ-ਭਰਪੂਰ ਜੀਵਨ ਜੀਉਣ ਤੇ ਮਰਦਾਂ ਦੀ ਮੌਤ ਮਰਨ ਦੀ ਜਾਚ ਸਿਖਾਈ, ਅਤੇ ਸਹੀ, ਸਫਲ ਤੇ ਅਮਰ ਜੀਵਨ ਦਾ ਭੇਦ ਸਮਝਾਇਆ ਜਾਵੇ ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਤੌਰ ਤਰੀਕੇ ਬਾਰੇ "ਬ-ਸਯਾਸਤ ਵ ਬਾ ਯਾਸਾ ਰਸਾਨੰਦ" ਦਾ ਹੁਕਮ ਜਾਰੀ ਕਰਨ ਵੇਲੇ ਜਹਾਂਗੀਰ ਬਾਦਸ਼ਾਹ ਨੇ ਬਖ਼ਸ਼ੀ ਫਰੀਦ (ਮੁਰਤਜ਼ਾ ਖਾਨ) ਨੂੰ ਇਹ ਵੀ ਆਗਿਆ ਕੀਤੀ ਸੀ ਕਿ ਮਾਲ ਮਤਾਅ ਜ਼ਬਤ ਕਰਕੇ ਸਤਿਗੁਰਾਂ ਦੇ ਪ੍ਰਵਾਰ ਨੂੰ ਆਪਣੀ ਦੇਖ ਰੇਖ ਵਿੱਚ ਰੱਖੇ । ਏਸੇ ਹੁਕਮ ਤੇ ਨੀਤੀ ਅਧੀਨ ਬਾਦਸ਼ਾਹ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਰੱਖਿਆ, ਤੇ ਆਖਰ, ਹਜ਼ਰਤ ਮੀਆਂ ਮੀਰ ਤੇ ਵਜ਼ੀਰ ਖਾਂ ਦੇ ਸਮਝਾਉਣ ਸੁਝਾਉਣ ਉਤੇ ਰਿਹਾ ਕੀਤਾ । ਜਦ ਗੁਰੂ ਜੀ ਨੇ ਇਕੱਲਿਆ ਰਿਹਾ ਹੋਣੋਂ ਨਾਂਹ ਕਰ ਦਿੱਤੀ ਤਾਂ ਨਾਲ 52 ਰਾਜੇ ਵੀ ਰਿਹਾ ਕਰਨੇ ਪਏ । ਇਵੇਂ ਸਤਿਗੁਰੂ ਜੀ "ਬੰਦੀ ਛੋੜ" ਅਖਵਾਏ ।

ਜਹਾਂਗੀਰ ਦੀ, ਰਾਜ ਦੇ ਬਾਕੀ ਸਮੇਂ ਵਿੱਚ ਗੁਰੂ ਜੀ ਨਾਲ ਕਿਸੇ ਤਰ੍ਹਾਂ ਦੀ ਕੁੜੱਤਣ ਨਾ ਵਧੀ ; ਪਰੰਤੂ, ਸ਼ਾਹਜਾਨ ਦੇ ਦਿੱਲੀ ਤੇ ਤਖ਼ਤ ਉਤੇ ਬੈਠਣ ਉਪਰੰਤ ਲੋਹਾ ਖੜਕ ਪਿਆ । ਬਾਦਸ਼ਾਹੀ ਫੌਜਾਂ ਜਾਂ ਉਸ ਦੇ ਹੱਥ-ਠੋਕੇ ਚੌਧਰੀਆਂ ਨਾਲ ਸ੍ਰੀ ਅੰਮ੍ਰਿਤਸਰ, ਸ੍ਰੀ ਹਰਿਗੋਬਿੰਦਪੁਰ, ਗੁਰੂਸਰ ਮਹਿਰਾਜ ਤੇ ਕਰਤਾਰਪੁਰ ਦੇ ਅਸਥਾਨਾਂ ਉਤੇ ਚਾਰ ਜੁੱਧ ਹੋਏ, ਜਿਨ੍ਹਾਂ ਵਿੱਚ ਫ਼ਤਹ 'ਦਲ-ਭੰਜਨ ਸੂਰਮੇ ਗੁਰੂ' ਦੀ ਹੀ ਹੁੰਦੀ ਰਹੀ । ਪਰੰਤੂ, ਸਤਿਗੁਰਾਂ ਨੇ ਕਿਸੇ ਥਾਂ ਵੀ ਇਕ ਇੰਚ ਭਰ ਭੋਂ ਉਤੇ ਕਬਜਾ ਨਾ ਕੀਤਾ । ਸਿੱਖ ਫੌਜ ਦੀ ਹੋਂਦ ਕੇਵਲ ਨਿਆਂ ਤੇ ਧਰਮ ਲਈ ਸ਼ਕਤੀ ਦੀ ਵਰਤੋਂ ਕਰਨ ਲਈ ਸੀ, ਮੁਲਕੀ ਹਵਸ ਜਾਂ ਮੱਲਾਂ ਮਾਰਨ ਲਈ ਨਹੀਂ ।

ਸਤਿਗੁਰਾਂ ਨੇ ਬਾਵਜੂਦ ਇਹਨਾਂ ਜੰਗੀ ਰੁਝੇਵਿਆਂ ਦੇ ਸਿਖੀ ਪਰਚਾਰ ਲਈ ਵੀ ਵੱਡੇ ਦੌਰੇ ਕੀਤੇ । ਕਸ਼ਮੀਰ ਤੋਂ ਲੈ ਕੇ ਨਾਨਕ ਮੱਤਾ (ਯੂ.ਪੀ:) ਦੇ ਦੂਰ ਦੁਰਾਡੇ ਇਲਾਕਿਆਂ ਤਕ ਪੁੱਜ ਕੇ ਸਿੱਖੀ ਦੀ ਸਾਰ ਲਈ ਤੇ 'ਸਤਿਨਾਮ' ਦਾ ਉਪਦੇਸ਼ ਦਿੱਤਾ । ਗੁਰੂ ਜੀ ਵੱਲੋਂ, ਸਿਧਾਂਤਕ ਤੌਰ ਉਤੇ ਛੋਹੇ ਅਥਵਾ ਸੰਪੂਰਨ ਕੀਤੇ ਕੰਮਾਂ ਦੇ ਬਿਉਰੇ ਦਾ ਸਾਰ-ਅੰਸ਼ ਤੇ ਅਹਿਮੀਅਤ ਕੁਝ ਇਵੇਂ ਬਿਆਨੇ ਜਾ ਸਕਦੇ ਹਨ :-

(1) ਗੁਰੂ ਜੀ ਨੇ 'ਮੀਰੀ' ਤੇ 'ਪੀਰੀ' ਦੀਆਂ ਦੋ ਤਲਵਾਰਾਂ ਬੱਧੀਆਂ ਤੇ ਇਸ ਤਰ੍ਹਾਂ ਨਾ ਕੇਵਲ ਸਿੱਖ ਫੌਜ ਦੀ ਨੀਂਹ ਹੀ ਰੱਖੀ, ਸਗੋਂ ਭਗਤੀ ਤੇ ਸ਼ਕਤੀ ਦਾ ਅਤਿ ਉੱਤਮ ਤੇ ਲੋੜੀਂਦਾ ਸੁਮੇਲ ਵੀ ਕਰ ਵਿਖਾਇਆ । ਭਾਰਤ ਵਿੱਚ ਕੇਵਲ ਭਗਤੀ, ਸਮਾਂ ਪਾ ਕੇ, ਵਹਿਮ-ਭਰਪੂਰ ਅਹਿੰਸਾ ਤੇ ਕਾਇਰਤਾ ਵਿੱਚ ਤਬਦੀਲ ਹੋ

ਚੁੱਕੀ ਸੀ, ਅਤੇ ਸੱਤ, ਸੰਤੋਖ ਸਿਦਕ ਤੇ ਦਯਾ ਤੋਂ ਸਖਣੀ ਸ਼ਕਤੀ ਨੇ ਜ਼ੋਰ, ਜਬਰ, ਤੁਅੱਸਬ, ਕਠੋਰਤਾ ਤੇ ਲੋਭ ਦਾ ਬਿਕਰਾਲ ਰੂਪ ਧਾਰਨ ਕੀਤਾ ਹੋਇਆ ਸੀ। ਸਤਿਗੁਰਾਂ ਨੇ ਦੋਹਾਂ ਦਾ ਸਹੀ ਪ੍ਰਯੋਗ ਕਰਨਾ ਸਿਖਾਇਆ। ਸ਼ਕਤੀ (ਮੀਰੀ) ਦੀ ਵਰਤੋਂ, ਕਿਸੇ ਸੁਆਰਥ ਅਧੀਨ ਨਹੀਂ, ਸਗੋਂ ਨਿਆਂ ਹਿਤ, ਧਰਮ ਚਲਾਵਨ ਅਤੇ ਪੀਰੀ ਦੀ ਪੂਰਤੀ ਲਈ ਕਰਨ ਦੀ ਸੰਥਾ ਦ੍ਰਿੜ੍ਹ ਕਰਵਾਈ ਮੀਰੀ ਨੂੰ ਪੀਰੀ (ਧਰਮ) ਦੇ ਤਾਬੇ ਰੱਖਿਆ।

ਅਸੀਂ ਨਿੱਤ ਇਹ ਦਾਅਵਾ ਕਰਦੇ ਹਾਂ ਕਿ ਸਿੱਖਾਂ ਦਾ ਧਰਮ ਤੇ ਰਾਜਨੀਤੀ ਇਕੱਠੀ ਹੈ ਅਤੇ ਇਸ ਪਰਮਾਣ ਵਜੋਂ ਗੁਰੂ ਜੀ ਦੀਆਂ ਪਹਿਨੀਆਂ 'ਮੀਰੀ ਤੇ 'ਪੀਰੀ' ਦੀਆਂ ਦੋ ਤਲਵਾਰਾਂ ਦਾ ਹਵਾਲਾ ਦੇਦਿ ਹਾਂ। ਪਰੰਤੂ ਏਥੇ ਇਹ ਨੁਕਤਾ ਸਦਾ ਚੇਤੇ ਰਖਣਾ ਚਾਹੀਦਾ ਹੈ ਕਿ ਸਿੱਖੀ ਵਿੱਚ ਧਰਮ ਨਾ ਕੇਵਲ ਰਾਜਨੀਤੀ ਦੀ ਹੀ ਆਧਾਰਸ਼ਿਲਾ ਹੈ, ਸਗੋਂ ਜੀਵਨ ਦੇ ਹਰ ਪਹਿਲੂ ਤੇ ਹਰ ਸਵਾਸ ਦੀ ਵੀ। 'ਮੀਰੀ' ਦੀ ਤਲਵਾਰ ਦੀ ਵਰਤੋਂ ਕੇਵਲ 'ਪੀਰੀ' ਦੀ ਤਲਵਾਰ ਦੀ ਸਹਾਇਤਾ ਲਈ ਕਰਨੀ ਹੈ। ਨਿਸ਼ਾਨਾ ਤੇ ਮੁੱਖ 'ਪੀਰੀ' ਅਥਵਾ 'ਧਰਮ' ਹੀ ਹੈ। ਹਰ ਹਾਲਤ ਇਸ ਦੇ ਅਸਥਾਪਣ ਜਾਂ ਰੱਖਿਆ ਲਈ ਹੀ ਸ਼ਕਤੀ ਦੀ ਵਰਤੋਂ ਕੀਤੀ ਜਾਣੀ ਹੈ। ਜੋ ਲੋਕ ਕੇਵਲ "ਦੁਨਿਆਵੀ" ਪ੍ਰਾਪਤੀ ਲਈ "ਦੀਨ" ਨੂੰ ਬਹਾਨਾ ਬਣਾਉਂਦੇ ਅਤੇ ਵਕਤੀ ਤੇ ਨਿੱਜੀ ਲਾਭ ਹਿੱਤ " ਧਰਮ ਤੇ ਰਾਜਨੀਤੀ " ਦੇ ਮੇਲ ਦੀ ਗਲ ਕਰਦੇ ਹਨ, ਉਹ ਸਿੱਖੀ ਦੇ ਉੱਚ ਸਿਧਾਂਤਾਂ ਨਾਲ ਇਨਸਾਫ ਨਹੀਂ ਕਰਦੇ, ਜਿਨ੍ਹਾਂ ਦਾ ਆਸ਼ਾ, ਕੇਵਲ ਧਰਮ ਹੈ ਨਾ ਕਿ ਦੁਨਿਆਵੀ ਲਾਭਾ ਲਈ ਧਰਮ ਨੂੰ ਵਰਤਣਾ। ਸ੍ਰੀ ਦਸਮੇਸ਼ ਜੀ ਇਸ ਬਿਖਮ ਵਿਸ਼ੇ ਦੀ ਸਪਸ਼ਟਤਾ ਕਰਦੇ ਹੋਏ ਫਰਮਾਉਂਦੇ ਹਨ ਕਿ ਉਹਨਾਂ ਦਾ ਸੰਸਾਰ ਵਿੱਚ ਆਉਣ ਦਾ ਕਾਰਨ ਕੇਵਲ ਧਰਮ ਚਲਾਉਣਾ ਹੈ। ਧਰਮ ਕੀ ਹੈ ? ਸੰਤਾਂ (ਭਲੇ ਲੋਕਾਂ) ਨੂੰ ਉਭਾਰਨਾ ਤੇ ਦੁਸ਼ਟਾਂ ਦੀਆਂ ਜੜ੍ਹਾਂ ਪੁੱਟ ਕੇ ਰੱਖ ਦੇਣਾ। ਇਥੇ ਧਰਮ ਤੇ ਮਜ਼ਹਬ ਦੇ ਅਹਿਮ ਫ਼ਰਕ ਨੂੰ ਵੀ ਜਾਨਣਾ ਜ਼ਰੂਰੀ ਹੈ।

ਜਦ ਕਦੀ ਵੀ ਨਿਸ਼ਾਨਾਂ ਤਾਂ 'ਦੁਨੀਆਂ', 'ਤਾਕਤ' ਤੇ 'ਸੁਆਰਥ' ਬਣ ਗਿਆ, ਅਤੇ ਦੀਨ (ਧਰਮ) ਕੇਵਲ 'ਬਹਾਨਾ ਹੀ ਰਹਿ ਗਿਆ, ਤਦ ਧਰਮ ਵੱਲੋਂ ਅਰੁਚੀ ਤੇ ਗਿਲਾਨੀ ਹੋ ਜਾਣੀ ਕੁਦਰਤੀ ਸੀ। ਐਸੀ ਸਥਿਤੀ ਜਾਂ ਰਾਜ ਨੂੰ ਅੱਲਾਮਾ ਇਕਬਾਲ, ਚੰਗੇਜ਼ ਖਾਂ ਦੇ ਅਤਿਆਚਾਰਾਂ ਨਾਲ ਤੁਲਣਾ ਦਿੰਦਾ ਹੈ। ਲਿਖਦਾ ਹੈ :

ਜਲਾਲਿ ਪਾਦਸ਼ਾਹੀ ਹੋ, ਯਾ ਜਮਹੂਰੀ ਤਮਾਸ਼ਾ ਹੋ ॥
ਜੁਦਾ ਹੋ ਦੀਂ ਸਯਾਸਤ ਸੇ, ਤੋ ਰਹਿ ਜਾਤੀ ਹੈ ਚੰਗੇਜ਼ੀ ॥

ਅਸਲ ਵਿੱਚ ਜੇ ਡੂੰਘੀ ਨਜ਼ਰ ਨਾਲ ਵੇਖਿਆ ਜਾਵੇ ਤਾਂ ਜੀਵਨ ਦਾ ਕੋਈ

ਪਹਿਲੂ ਵੀ ਅਜਿਹਾ ਨਹੀਂ ਜੋ 'ਧਰਮ' ਤੋਂ ਵਿਰਵਾ ਰਹਿ ਕੇ, ਫਲੀ ਭੂਤ ਹੋ ਸਕਦਾ ਹੈ । ਧਰਮ (ਸੱਚੇ ਆਚਾਰ) ਤੋਂ ਖਾਲੀ ਜੀਵਨ : ਇਕ ਪਾਖੰਡ ਹੈ, ਧੋਖਾ ਹੈ, ਛਲ ਤੇ ਛਿਦਰ ਹੈ, ਪਾਪ ਹੈ । ਅਜੇਹੇ ਧਰਮ-ਹੀਨ ਲੋਕ, ਜੀਵਨ ਦੇ ਕਿਸੇ ਪੱਖ ਨਾਲ ਵੀ ਨਿਆਂ ਨਹੀਂ ਕਰ ਸਕਦੇ, ਉਹ ਚਾਹੇ ਧਾਰਮਕ ਹੋਵੇ, ਚਾਹੇ ਰਾਜਨੀਤਕ ਜਾਂ ਸਮਾਜਕ ।

ਇਹੀ ਕਾਰਨ ਸੀ ਕਿ 'ਛੱਠਮੁ ਪੀਰੁ' ਨੇ 'ਮੀਰੀ' ਤੇ 'ਪੀਰੀ' ਦੀਆਂ ਤਲਵਾਰਾਂ ਪਹਿਣੀਆਂ, ਅਤੇ ਇਸ ਤਰ੍ਹਾਂ, ਆਤਮਕ ਤੇ ਸੰਸਾਰਕ ਜੀਵਨ ਨੂੰ ਅਨਿਖੜਵਾਂ ਕਰ ਦਿੱਤਾ । ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖਤ ਸਾਹਿਬ ਦੀ ਰਚਨਾ, ਇਸ ਨੁਕਤੇ ਨੂੰ ਹੋਰ ਵੀ ਸਪਸ਼ਟ ਕਰਦੀ ਹੈ । ਸ੍ਰੀ ਹਰਿਮੰਦਰ ਸਾਹਿਬ ਨਿਰਬਾਣ ਤੇ ਅਖੰਡ ਕੀਰਤਨ ਲਈ ਹੈ, ਪ੍ਰੰਤੂ, ਸ੍ਰੀ ਅਕਾਲ ਤਖਤ ਹਰ ਪ੍ਰਕਾਰ ਦੇ ਪੰਥਕ ਗੁਰ-ਮੱਤਿਆਂ ਲਈ । ਇਥੇ ਇਹ ਨੁਕਤਾ ਵੀ ਨੋਟ ਕਰਨ ਜੋਗ ਹੈ ਕਿ ਪਹਿਲਾਂ 'ਹਰਿਮੰਦਰ' ਰਚਿਆ ਗਿਆ ਤੇ ਬਾਅਦ ਵਿੱਚ 'ਅਕਾਲ ਤਖਤ' ਸਾਹਿਬ । ਦੋਹਾਂ ਨੂੰ ਵੱਖ ਵੱਖ ਰੱਖਣ ਵਿੱਚ ਵੀ ਭੇਤ ਸੀ ।

(2) ਛੇਵੀਂ ਪਾਤਸ਼ਾਹੀ ਨੂੰ ਸ਼ਾਹੀ ਸੈਨਾ ਨਾਲ ਚਾਰ ਵੱਡੇ ਯੁੱਧ ਲੜਨੇ ਪਏ, ਜਿਨ੍ਹਾਂ ਵਿੱਚ ਪਹਿਲ, ਸਦਾ ਵਿਰੋਧੀਆਂ ਵੱਲੋਂ ਹੀ ਹੁੰਦੀ ਰਹੀ । ਚੌਹਾ ਯੁੱਧਾਂ ਵਿੱਚ ਹੀ ਫ਼ਤਹ ਨੇ, ਗੁਰੂ ਜੀ ਦੇ ਚਰਨ ਚੁੰਮੇ, ਪ੍ਰੰਤੂ ਆਪ ਨੇ ਕਿਸੇ ਥਾਂ ਇੰਚ ਭਰ ਇਲਾਕੇ ਉਤੇ ਵੀ ਕਬਜ਼ਾ ਨਾ ਕੀਤਾ । ਇਹ ਇਸ ਲਈ ਕਿ ਜੰਗ ਉਹਨਾਂ ਨੇ ਮੱਲਾਂ ਮਾਰਨ ਤੇ ਇਲਾਕੇ ਦੱਬਣ ਲਈ ਨਹੀਂ ; ਸਗੋਂ ਧਰਮ, ਸ੍ਵੈ-ਰਖਿਆ, ਅਸੂਲ ਤੇ ਨਿਆਂ ਹਿੱਤ ਲੜੇ ਸਨ । ਅਤੇ ਲੜੇ ਵੀ ਓਦੋਂ ਜਦ "ਚੂੰ ਕਾਰ' ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ।" (ਜਫਰਨਾਮਾ) ਵਾਲੀ ਹਾਲਤ ਆ ਵਾਪਰੀ ।

ਸਮਕਾਲੀ ਮੋਹਸਨ ਫਾਨੀ, ਲਿਖਦਾ ਹੈ - 'ਉਸ (ਗੁਰੂ ਸਾਹਿਬ) ਉਤੇ ਕਈ ਵੇਰ ਭਾਰੇ ਲਸ਼ਕਰ ਚੜ੍ਹ ਕੇ ਆਏ ਪਰ ਉਹ ਰੱਬ ਦੀ ਕ੍ਰਿਪਾ ਨਾਲ ਹਰ ਸਮੇਂ ਕਾਮਯਾਬ ਹੀ ਨਿਕਲਦਾ ਰਿਹਾ ।" ਇਹ ਤਲਵਾਰ ਅਥਵਾ ਸ਼ਕਤੀ ਦੀ ਵਰਤੋਂ ਓਸੇ ਧਰਮ ਦੀ ਰਖਿਆ ਲਈ ਸੀ, ਜਿਸ ਦੀ ਰਖਿਆ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਾਂਤਮਈ ਢੰਗ ਨਾਲ ਅਦੁੱਤੀ ਕੁਰਬਾਨੀ ਦੇ ਕੇ ਕੀਤੀ ਸੀ । ਸੰਨ 1630 ਵਿੱਚ ਗੁਰੂ ਜੀ ਵੱਲੋਂ ਵਸਾਏ ਨਗਰ-ਹਰਿਗੋਬਿੰਦਪੁਰ-ਵਿਖੇ ਮੁਸਲਮਾਨਾਂ ਲਈ ਮਸੀਤ ਤਿਆਰ ਕਰਵਾਈ ਗਈ । ਸਤਿਗੁਰਾਂ ਦੀ ਫੌਜ ਵਿੱਚ ਅਨੇਕ ਮੁਸਲਮਾਨ ਯੋਧੇ ਭਰਤੀ ਸਨ, ਜਿਹਨਾਂ ਵਿੱਚੋਂ ਪੈਦੇ ਖਾਂ, ਜਾਨੀ ਖਾਂ, ਰੌਸ਼ਨ ਸ਼ਾਹ, ਜਮਾਲ ਖਾਂ ਦੇ ਨਾਂ ਵਰਨਣ ਯੋਗ ਹਨ । ਪੈਦੇ ਖਾਂ, ਲਲਾ ਬੇਗ ਆਦਿ ਜੋਧਿਆਂ ਨਾਲ ਹੋਏ ਦ੍ਵੰਦ ਯੁੱਧਾਂ ਵਿੱਚ ਵੀ ਗੁਰੂ ਜੀ ਨੇ ਕਿਸੇ ਉਤੇ ਕਦੀ ਪਹਿਲਾਂ ਵਾਰ ਨਾ ਕੀਤਾ । ਪਹਿਲੇ ਵਾਰ ਸਹਾਰਨ ਉਪ੍ਰੰਤ ਜਦ ਉਹ ਆਪਣਾ ਵਾਰ ਕਰਦੇ ਤਾਂ ਇਉਂ ਜਾਪਦਾ,

ਜਿਵੇਂ ਆਪ ਜੀ ਉਹਨਾਂ ਨੂੰ ਵਾਰ ਕਰਨ ਦਾ ਵੱਲ ਸਿਖਾ ਰਹੇ ਹੋਣ । ਮੋਹਸਨ ਫਾਨੀ ਅਨੁਸਾਰ ਉਹਨਾਂ ਵੱਲੋਂ ਅਜਿਹੇ ਸਮਿਆਂ ਉਤੇ ਉਚਾਰੇ ਇਹ ਸ਼ਬਦ ਪ੍ਰਸਿੱਧ ਹਨ - 'ਚੁਨਾਂ ਨਮੇ ਜ਼ਦਨ, ਚੁਨੀਂ ਜ਼ੱਦਨ (ਵਾਰ ਓਵੇਂ ਨਹੀਂ , ਕਰੀਦਾ, ਇਉਂ ਕਰਦੀ ਹੈ ) । ਉਹਨਾਂ ਵੱਲੋਂ ਮੈਦਾਨੋਂ ਨੱਠੇ ਵਿਰੋਧੀ ਉਤੇ ਵਾਰ ਕਰਨ ਦੀ ਸਖਤ ਮਨਾਹੀ ਸੀ ।

3. ਸਿੱਖੀ ਪ੍ਰਚਾਰ :-

ਬਾਬਾ ਗੁਰਦਿੱਤਾ ਜੀ, ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਸਨ । ਗੁਰੂ ਜੀ ਨੇ ਸਿੱਖੀ ਪ੍ਰਚਾਰ ਦਾ ਕੰਮ ਵਿਸ਼ੇਸ਼ ਕਰ ਕੇ ਉਨ੍ਹਾਂ ਨੂੰ ਸੌਂਪ ਰੱਖਿਆ ਸੀ । ਜਦ ਬਾਬਾ ਸ੍ਰੀ ਚੰਦ ਨੇ ਇਕ ਪੁੱਤਰ, ਉਹਨਾਂ ਨੂੰ ਦਿੱਤੇ ਜਾਣ ਦੀ ਮੰਗ ਕੀਤੀ ਤਾਂ ਆਪ ਜੀ ਨੇ ਸਿੱਖੀ ਪ੍ਰਚਾਰ ਹਿੱਤ ਇਨ੍ਹਾਂ ਨੂੰ ਹੀ, ਬਾਬਾ ਸ੍ਰੀ ਚੰਦ ਜੀ ਨੂੰ ਸੇਵਾ ਲਈ ਦੇ ਦਿੱਤਾ । ਇਸ ਸਮੇਂ ਬਾਬਾ ਸ੍ਰੀ ਚੰਦ ਜੀ ਦੇ, ਬਾਬਾ ਗੁਰਦਿੱਤਾ ਜੀ ਨੂੰ, ਕਹੇ ਇਹ ਸ਼ਬਦ ਬੜੇ ਮਹੱਤਵ ਪੂਰਨ ਹਨ-'ਗੁਰਗੱਦੀ ਤਾਂ ਪਹਿਲਾਂ ਹੀ ਤੁਹਾਡੇ ਪਾਸ ਹੈ । ਸਾਡੇ ਪਾਸ ਥੋੜਾ ਜਿਹਾ ਤੱਪ ਤੇ ਫ਼ਕੀਰੀ ਸੀ, ਇਹ ਵੀ ਲੈ ਲਉ । ਅਸੀਂ ਬਿਰਧ ਹਾਂ, ਸਾਡੀ ਇੱਛਾ ਹੈ ਕਿ ਪਿਤਾ ਗੁਰੂ ਨਾਨਕ ਦੇਵ ਜੀ ਦੇ ਧਰਮ ਦਾ, ਦੇਸ਼ 1 ਦੇਸਾਂਤਰਾਂ ਵਿੱਚ ਪ੍ਰਚਾਰ ਕੀਤਾ ਜਾਵੇ । ਇਹ ਕੰਮ ਹੁਣ ਤੁਸਾਂ ਕਰਨਾ ਹੈ ।"

ਆਪ ਜੀ ਨੇ ਪੰਜਾਬ, ਕਸ਼ਮੀਰ, ਯੂ.ਪੀ. ਦੇ ਦੂਰ ਦੁਰਾਡੇ ਇਲਾਕਿਆਂ ਵਿੱਚ ਪ੍ਰਚਾਰ ਹਿੱਤ ਦੌਰੇ ਕੀਤੇ ਅਤੇ ਗੁਰੂ ਨਾਨਕ ਜੀ ਵੱਲੋਂ ਦੱਸੇ ਧਰਮ ਸਿਧਾਂਤਾਂ ਦਾ ਪ੍ਰਚਾਰ ਕੀਤਾ । ਕਸ਼ਮੀਰ ਨੂੰ ਜਾਂਦਿਆਂ ਹੋਇਆ ਜਦ ਗੁਜਰਾਤ ਵਿਖੇ ਪੀਰ ਸ਼ਾਹ ਦੌਲਾ ਮਿਲਿਆ ਤਾਂ ਉਸ ਨੇ ਸਤਿਗੁਰਾਂ ਦਾ ਸ਼ਾਹੀ ਠਾਠ ਬਾਠ ਵੇਖ ਕੇ ਸੁਆਲ ਕੀਤਾ :

1. ਹਿੰਦੂ ਕੀ ਤੇ ਫ਼ਕੀਰੀ ਕੀ ? 2. ਔਰਤ ਕੀ ਤੇ ਪੀਰੀ ਕੀ ?
3. ਪੁੱਤਰ ਕੀ ਤੇ ਵੈਰਾਗ ਕੀ ? 4. ਦੌਲਤ ਕੀ ਤੇ ਤਿਆਗ ਕੀ ?

ਸਤਿਗੁਰਾਂ ਨੇ ਉੱਤਰ ਵਿੱਚ ਫੁਰਮਾਇਆਂ :-

(1) ਔਰਤ ਈਮਾਨ ਹੈ । (2) ਪੁੱਤਰ ਨਿਸ਼ਾਨ ਹੈ ।
(3) ਦੌਲਤ ਗੁਜ਼ਾਰਨ ਹੈ । (4) ਫ਼ਕੀਰ, ਹਿੰਦੂ ਨ ਮੁਸਲਮਾਨ ਹੈ ।

ਕਿਤਨਾ 'ਸਹਿਜ-ਭਰਪੂਰ' ਦ੍ਰਿਸ਼ਟੀਕੋਨ ਹੈ ਇਹ ਸਫਲ-ਜੀਵਨ ਜੀਉਣ ਲਈ, ਗੁਰਦੇਵ ਦਾ । ਉਨ੍ਹਾਂ ਦੀ ਅਸ਼ੀਰਵਾਦ ਨਾਲ ਪ੍ਰਚਾਰ ਖੇਤਰ ਵਿੱਚ ਦਿਨ ਰਾਤ ਜੁੱਟੀਆਂ ਇਨ੍ਹਾਂ ਪ੍ਰਸਿੱਧ ਹਸਤੀਆਂ ਦੇ ਨਾਮ ਵਰਨਣ ਯੋਗ ਹਨ :-

ਭਾਈ ਗੁਰਦਾਸ ਜੀ, ਭਾਈ ਬਿਧੀ ਚੰਦ ਸੀ, ਭਾਈ ਬਹਿਲੋ ਜੀ, ਭਾਈ ਭਗਤੂ ਜੀ, ਭਾਈ ਪੰਜਾਬ ਜੀ ਅਤੇ ਭਾਈ ਅਲਮਸਤ ਜੀ ।

4. ਰਚੇ ਅਸਥਾਨ ਤੇ ਨਗਰ :-

(ੳ) ਲੋਹਗੜ੍ਹ ਤੇ ਸ੍ਰੀ ਅਕਾਲ ਤਖਤ ਸਾਹਿਬ, ਕੌਲਸਰ, ਬਿਬੇਕਸਰ । (ਅ) ਗੁਰਦੁਆਰਾ ਡੇਰਾ ਸਾਹਿਬ-ਲਾਹੌਰ । (ੲ) ਕੀਰਤਪੁਰ (ਹੁਸ਼ਿਆਰਪੁਰ) । (ਹ) ਮਹਿਰਾਜ (ਫਿਰੋਜ਼ਪੁਰ) । ਇਥੇ ਦਿਲਬਾਗ ਤੇ ਗੁਲਬਾਗ ਘੋੜਿਆਂ ਕਾਰਨ ਲਲਾਬੇਗ ਨਾਲ ਯੁੱਧ ਹੋਇਆ: ਬਾਹੀਆਂ ਬਣਿਆ ਤੇ ਫੂਲ ਬੰਸ ਦਾ ਆਰੰਭ ਹੋਇਆ ।

(ਕ) ਸ੍ਰੀ ਹਰਿਗੋਬਿੰਦ ਪੁਰ (ਗੁਰਦਾਸਪੁਰ) । ਇਹ ਨਗਰ ਪੰਜਵੇਂ ਗੁਰੂ ਜੀ ਨੇ ਵਸਾਇਆ ਸੀ । ਭਗਵਾਨ ਦਾਸ ਘੇਰੜ ਨਾਲ ਯੁੱਧ ਹੋਣ ਉਪਰੰਤ ਇਸ ਦਾ ਨਾਮ ਸ੍ਰੀ ਹਰਿਗੋਬਿੰਦ ਪੁਰ ਪ੍ਰਚੱਲਤ ਹੋ ਗਿਆ ।

(ਖ) ਗੁਰੂ ਸਰ - ਇਹ ਸਰੋਵਰ ਮਹਿਰਾਜ ਦੇ ਯੁੱਧ ਦੀ ਜਿੱਤ ਦੀ ਖੁਸ਼ੀ ਵਿੱਚ ਤਿਆਰ ਕਰਵਾਇਆ ।

ਸਿੱਖ ਸੰਗਤਾਂ ਨੇ ਸਦਾ ਉਪਕਾਰੀ ਗੁਰੂ ਤੋਂ ਅਸੀਸ ਲੈ ਕੇ ਹਰ ਸਮੱਸਿਆ ਦੇ ਜੇਤੂ; ਯੋਧੇ ਅਤੇ ਉਪਕਾਰੀ ਬਣਨ ਲਈ ਜੀਵਨ ਦੇ ਧਾਰਮਕ, ਸਮਾਜਿਕ ਤੇ ਰਾਜਨੀਤਿਕ ਖੇਤਰ ਵਿੱਚ ਭਗਤੀ ਤੇ ਸ਼ਕਤੀ ਦਾ ਸਹੀ ਸੁਮੇਲ ਕਰਨਾ ਹੈ । ਇਹ ਤਾਂ ਹੀ ਹੋ ਸਕੇਗਾ ਜੇ ਅਸੀਂ ਪਿਆਰੇ, ਰਖਵਾਰੇ ਤੇ ਪ੍ਰਿਯ ਸਤਿਗੁਰੂ ਦੇ ਜੀਵਨ ਦਾ ਸਹੀ ਚਿਤ੍ਰ ਦੇ ਉਪਦੇਸ਼ ਹਿਰਦੇ ਵਿੱਚ ਵਸਾਵਾਂਗੇ ।

ਐਸੇ 'ਯੋਧੇ, ਉਪਕਾਰੀ, ਸੁਰਮੇ ਤੇ ਭਾਰੀ, ਗੁਰ ਰੂਪੀ ਬ੍ਰਿੱਛ ਨੂੰ ਸਮੇਂ ਸਿਰ 'ਖਾਲਸੇ' ਦੇ ਰੂਪ ਵਿੱਚ ਲਗੇ ਫਲ ਨੇ ਉਪਰੋਕਤ ਹਕੀਕਤ ਨੂੰ ਸੌ ਫੀ ਸਦੀ ਯਥਾਰਥ ਸਿੱਧ ਕਰ ਵਿਖਾਇਆ ਅਤੇ ਇੱਕ ਤਰ੍ਹਾਂ ਨਾਲ ਵਿਸ਼ਵਾਸ ਦਿਵਾਇਆ ਕਿ ਅੱਗੇ ਲਈ ਵੀ ਸਦਾ ਸਦਾ ਗੁਰੂ ਜੀ ਦਾ ਇਹ ਨਾਦੀ-ਪੁੱਤਰ, ਖਾਲਸਾ,- ਸਤਿਗੁਰੂਆਂ ਵਾਲੇ ਅਮਲਾਂ ਰਾਹੀਂ ਉਲੀਕੇ ਪੱਥ ਦਾ ਰਾਹ-ਦੀਪ ਬਣਦਾ ਰਹੇਗਾ । ਇਸ ਲਈ ਅਮਰ-ਉਪਦੇਸ਼ ਹੈ :

ਐ ਜੂਇ ਆਬ ਬੜ੍ਹ ਕਰ, ਹੋ ਦਰਯਾਏ ਤੁੰਦੋ ਤੇਜ਼।
ਸਾਹਿਬ ਤੁਝੇ ਅਤਾਅ ਹੋ, ਸਾਹਿਲ ਨ ਕਰ ਕਬੂਲ ।

---


## ਵਿਸ਼ੇਸ਼ ਸੂਚਨਾ

ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਿਰਧ ਸਰੂਪ ਹੋਣ ਉਹ ਕ੍ਰਿਪਾ ਕਰਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਗੁਰਦੁਆਰਾ ਸ੍ਰੀ ਅੰਗੀਠਾ ਸਾਹਿਬ, ਸ਼ਹੀਦ ਬਾਬਾ ਦੀਪ ਸਿੰਘ ਨਗਰ, ਪਟਿਆਲਾ ਵਿਖੇ ਪਹੁੰਚਾਉਣ ਦੀ ਕ੍ਰਿਪਾਲਤਾ ਕਰਨ ਜਾਂ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰਨਾ ਜੀ
ਮੁੱਖ ਸੇਵਾਦਾਰ : ਜੱਥੇਦਾਰ ਭਾਈ ਅਜਮੇਰ ਸਿੰਘ ਖਾਲਸਾ ਅੰਗੀਠਾ ਸਾਹਿਬ ਵਾਲੇ
ਮੋਬਾ: 0175-5001899, 2370373, 98151-51160, 98723-84387

# ਭਾਈ ਮਨੀ ਸਿੰਘ ਜੀ

-ਸ. ਗੁਰਦੀਪ ਸਿੰਘ

ਭਾਈ ਮਨੀ ਸਿੰਘ ਜੀ ਦੀ ਅੰਗ-ਅੰਗ ਕੱਟ ਕੇ ਸ਼ਹੀਦੀ ਸਿੱਖ ਜਗਤ ਲਈ ਸ਼ਕਤੀ ਦਾ ਸੋਮਾ ਤੇ ਨਿਤ ਦੀ ਅਰਦਾਸ ਦਾ ਇੱਕ ਹਿੱਸਾ ਬਣ ਗਈ ਹੈ । ਜਿਸ ਬਿਖੜੇ ਸਮੇਂ ਉਨ੍ਹਾਂ ਨੇ ਪੰਥ ਦੀ ਅਗਵਾਈ ਕੀਤੀ ਉਹ ਇਤਿਹਾਸ ਦੇ ਪੰਨਿਆਂ 'ਤੇ ਇੱਕ ਸਦੀਵੀ ਯਾਦਗਾਰ ਵਜੋਂ ਅੰਕਿਤ ਹੈ । ਭਾਈ ਮਨੀ ਸਿੰਘ ਭਗਤੀ, ਗਿਆਨ ਤੇ ਸ਼ਕਤੀ ਦਾ ਪ੍ਰਤੀਕ ਸਨ ।

ਭਾਈ ਮਨੀ ਸਿੰਘ ਜੀ ਕੈਬੋਵਾਲ ਪਿੰਡ ਦੇ ਵਸਨੀਕ ਚੌਧਰੀ ਕਾਲੇ ਦੇ ਸਪੁੱਤਰ ਸਨ । ਉਨ੍ਹਾਂ ਦੀ ਉਮਰ ਕੇਵਲ ਪੰਜ ਵਰ੍ਹੇ ਦੀ ਸੀ ਜਦ ਉਨ੍ਹਾਂ ਦੇ ਪਿਤਾ ਉਨ੍ਹਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੋਲ ਛੱਡ ਆਏ । ਉਹ ਛੋਟੀ ਉਮਰ ਤੋਂ ਹੀ ਦਸਮੇਸ਼ ਪਿਤਾ ਜੀ ਦੀ ਸੇਵਾ ਵਿੱਚ ਰਹੇ । ਇਨ੍ਹਾਂ ਨੇ ਕਲਗੀਧਰ ਪਾਤਸ਼ਾਹ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ । ਸੰਨ 1704 ਵਿੱਚ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਛੱਡਿਆ ਤਾਂ ਭਾਈ ਮਨੀ ਸਿੰਘ ਜੀ ਉਨ੍ਹਾਂ ਦੇ ਨਾਲ ਸਨ । ਦਸਮੇਸ਼ ਪਿਤਾ ਦੀ ਆਗਿਆ ਅਨੁਸਾਰ ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰੀ ਜੀ ਨੂੰ ਨਾਲ ਲੈ ਕੇ ਦਿੱਲੀ ਪਹੁੰਚੇ ਤੇ ਉਨ੍ਹਾਂ ਦੀ ਸੇਵਾ ਵਿੱਚ ਹਾਜ਼ਰ ਰਹੇ । ਸੰਨ 1706 ਵਿੱਚ ਭਾਈ ਮਨੀ ਸਿੰਘ ਜੀ ਮਾਤਾ ਸਾਹਿਬ ਕੌਰ ਜੀ ਦੇ ਨਾਲ ਦਮਦਮਾ ਸਾਹਿਬ ਪੁੱਜੇ ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿੱਛੋਂ ਜਦੋਂ ਸਿੱਖਾਂ ਵਿੱਚ ਤੱਤ ਖਾਲਸਾ ਤੇ ਬੰਦਈ ਖਾਲਸਾ ਵਿਚਕਾਰ ਮਤਭੇਦ ਹੋ ਗਏ ਤਾਂ ਝਗੜਾ ਨਿਬੇੜਨ ਲਈ ਮਾਤਾ ਸੁੰਦਰੀ ਜੀ ਨੂੰ ਨਾਲ ਲੈ ਕੇ ਦਿੱਲੀ ਪਹੁੰਚੇ ਤੇ ਉਨ੍ਹਾਂ ਦੀ ਸੇਵਾ ਵਿੱਚ ਹਾਜ਼ਰ ਰਹੇ । ਸੰਨ 1706 ਵਿੱਚ ਭਾਈ ਮਨੀ ਸਿੰਘ ਜੀ ਮਾਤਾ ਸਾਹਿਬ ਕੌਰ ਜੀ ਦੇ ਨਾਲ ਦਮਦਮਾ ਸਾਹਿਬ ਪੁੱਜੇ ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿੱਛੋਂ ਜਦੋਂ ਸਿੱਖਾਂ ਵਿੱਚ ਤੱਤ ਖਾਲਸਾ ਤੇ ਬੰਦਈ ਖਾਲਸਾ ਵਿੱਚ ਮਤਭੇਦ ਹੋ ਗਏ ਤਾਂ ਝਗੜਾ ਨਿਬੇੜਨ ਲਈ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਭੇਜਿਆ । ਜਦੋਂ ਉਹ ਅੰਮ੍ਰਿਤਸਰ ਆਏ ਤਾਂ ਦੋਹਾਂ ਧੜਿਆਂ ਨੇ ਕਿਹਾ ਕਿ ਦਰਬਾਰ ਸਾਹਿਬ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਆਪ ਜੀ ਦੇ ਸੰਭਾਲਣ 'ਤੇ ਹੀ ਝਗੜਾ ਨਿੱਬੜ ਸਕਦਾ ਹੈ । ਸੋ ਸੰਨ 1721 ਵਿੱਚ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਗ੍ਰੰਥੀ ਥਾਪਿਆ ਗੁਰ ਮਰਯਾਦਾ ਅਨੁਸਾਰ ਆਪ ਸ੍ਰੀ ਹਰਿਮੰਦਰ ਸਾਹਿਬ ਦੇ ਤੀਸਰੇ ਗ੍ਰੰਥੀ ਸਨ । ਪ੍ਰਥਮੇ ਇਹ ਸੇਵਾ ਬਾਬਾ ਬੁੱਢਾ ਸਾਹਿਬ ਨੂੰ ਪ੍ਰਾਪਤ ਹੋਈ ਜੋ ਮੱਘਰ ਸੁਦੀ ਚੌਥ ਸੰਮਤ 1688 ਬਿ. (16 ਨਵੰਬਰ 1631 ਈ.) ਨੂੰ ਗੁਰਪੁਰੀ ਸਿਧਾਰ ਗਏ । ਇਨ੍ਹਾਂ ਤੋਂ ਬਾਅਦ ਇਹ ਸੇਵਾ ਭਾਈ ਗੁਰਦਾਸ ਜੀ ਨੂੰ ਮਿਲੀ ਜੋ 25 ਭਾਦਰੋਂ ਸੁਦੀ ਪੰਚਮੀ ਸੰਮਤ 1693 (25 ਅਗਸਤ 1636 ਈ.) ਨੂੰ ਪ੍ਰਲੋਕ ਗਮਨ ਕਰ ਗਏ ਸਨ । ਇਹ ਸੇਵਾ ਕਰਦਿਆਂ ਭਾਈ ਮਨੀ ਸਿੰਘ ਜੀ ਨੇ 'ਗਿਆਨ ਰਤਨਾਵਾਲੀ' ਤੇ 'ਭਗਤ ਰਤਨਾਵਲੀ' ਪੁਸਤਕਾਂ ਦੀ ਰਚਨਾ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇੱਕ ਹੱਥ-ਲਿਖਤ ਬੀੜ ਵੀ ਤਿਆਰ ਕੀਤੀ ।

ਜ਼ਕਰੀਆਂ ਖ਼ਾਂ ਪੰਜਾਬ ਦਾ ਗਵਰਨਰ ਬਣਿਆ ਤਾਂ ਉਸ ਨੇ ਸਿੱਖਾਂ 'ਤੇ ਬਹੁਤ ਸਖ਼ਤੀ ਕੀਤੀ । ਗੁਰਦੁਆਰੇ ਢਾਹੁਣੇ ਸ਼ੁਰੂ ਕਰ ਦਿੱਤੇ । ਜਦ ਭਈ ਮਨੀ ਸਿੰਘ ਨੇ ਮਹਿਸੂਸ ਕੀਤਾ ਕਿ ਸਰਕਾਰ ਦੀਆਂ ਸਖ਼ਤੀਆਂ ਕਾਰਨ ਬਹੁਤ ਘੱਟ ਸਿੱਖ ਦਰਬਾਰ ਸਾਹਿਬ ਆਉਂਦੇ ਹਨ ਅਤੇ ਅੰਮ੍ਰਿਤਸਰ ਦੀ ਦੀਪਮਾਲਾ ਦਾ ਮੇਲਾ ਕਈ ਵਰ੍ਹਿਆਂ ਤੋਂ ਤੁਰਕਾਂ ਨੇ ਬੰਦ ਕਰ ਦਿੱਤਾ ਸੀ । ਸੋ ਭਾਈ ਮਨੀ ਸਿੰਘ ਨੇ ਹਾਕਮ ਅਬਦੁੱਲਾ ਨੂੰ ਕਿਹਾ ਕਿ ਅਸੀਂ ਦੀਵਾਲੀ 'ਤੇ ਇੱਥੇ ਸਿੱਖਾਂ ਦਾ ਇਕੱਠ ਕਰਨਾ ਚਾਹੁੰਦੇ ਹਾਂ, ਆਗਿਆ ਦਿਉ । ਉਨ੍ਹਾਂ

ਦੀ ਦਿਲੀ ਇੱਛਾ ਸੀ ਕਿ ਇਸ ਮੇਲੇ ਦੀ ਮਨਜ਼ੂਰੀ ਮਿਲ ਜਾਏ ਤਾਂ ਕਿ ਇਸ ਸਮੇਂ ਸੰਗਤਾਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ-ਇਸ਼ਨਾਨ ਕਰ ਸਕਣ । ਸੋ ਭਾਈ ਮਨੀ ਸਿੰਘ ਨੇ ਜਦ ਮੇਲੇ ਦੀ ਮਨਜ਼ੂਰੀ ਲਈ ਦਰਖ਼ਾਸਤ ਦਿੱਤੀ ਤਾਂ ਜ਼ਕਰੀਆ ਖਾਂ ਨੇ ਸੋਚੀ-ਸਮਝੀ ਸਕੀਮ ਤਹਿਤ ਭਾਈ ਮਨੀ ਸਿੰਘ ਜੀ ਨੂੰ ਦੀਵਾਲੀ ਦੇ ਅਵਸਰ 'ਤੇ ਦਰਸ਼ਨ ਕਰਨ ਤੇ ਇਕੱਠ ਕਰਕੇ ਜੋੜ ਮੇਲਾ ਲਾਉਣ ਦੀ ਇਸ ਸ਼ਰਤ 'ਤੇ ਆਗਿਆ ਦਿੱਤੀ ਕਿ ਸਰਕਾਰ ਨੂੰ ਇਸ ਖ਼ਾਤਰ ਪੰਜ ਹਜ਼ਾਰ ਰੁਪਿਆ ਦਿੱਤਾ ਜਾਵੇ । ਉਸ ਦੀ ਇਸ ਅਵਸਰ 'ਤੇ ਸਿੱਖਾਂ ਨੂੰ ਇਕੱਠੇ ਹੋਇਆ ਨੂੰ ਮਾਰਨ ਦੀ ਖੁਫ਼ੀਆ ਯੋਜਨਾ ਸੀ ਅਤੇ ਇਸ ਮੰਤਵ ਲਈ ਹਥਿਆਰਾਂ ਦਾ ਕਾਫ਼ੀ ਜਖ਼ੀਰਾ ਇਕੱਠਾ ਕਰ ਲਿਆ ਸੀ । ਸੂਬੇ ਨੇ ਅੰਮ੍ਰਿਤਸਰ ਦੇ ਚੌਹੀ ਪਾਸੀਂ ਪਹਿਰੇ ਲਾ ਦਿੱਤੇ ਜਿਸ 'ਤੇ ਲੋਕ ਮੇਲੇ 'ਤੇ ਨਾ ਆਏ । ਭਾਈ ਮਨੀ ਸਿੰਘ ਜੀ ਸਰਕਾਰ ਦੀ ਇਸ ਚਾਲ ਨੂੰ ਸਮਝ ਗਏ ਸਨ । ਉਨ੍ਹਾਂ ਨੇ ਖਾਲਸੇ ਨੂੰ ਅੰਮ੍ਰਿਤਸਰ ਆਉਣ ਤੋਂ ਵਰਜਿਤ ਕਰ ਦਿੱਤਾ । ਇਨ੍ਹਾਂ ਗੱਲਾਂ ਕਰਕੇ ਅੰਮ੍ਰਿਤਸਰ ਵਿਖੇ ਬਹੁਤ ਹੀ ਘੱਟ ਸੰਗਤ ਆਈ ਤੇ ਚੜ੍ਹਾਵੇ ਦਾ ਪੈਸਾ ਬਹੁਤਾ ਨਾ ਚੜ੍ਹ ਸਕਿਆ ਤੇ ਸਰਕਾਰ ਨੂੰ ਦਿੱਤਾ ਨਾ ਜਾ ਸਕਿਆ । ਲਖਪਤ ਰਾਇ ਦੇ ਫ਼ੌਜੀਆਂ ਨੇ ਸ੍ਰੀ ਹਰਿਮੰਦਰ ਸਾਹਿਬ ਆਏ ਸਿੰਘਾਂ 'ਤੇ ਧਾਵਾ ਬੋਲ ਕੇ ਉਨ੍ਹਾਂ ਨੂੰ ਫੜ ਲਿਆ । ਕਈ ਮਾਰੇ ਵੀ ਗਏ ।

ਭਾਈ ਮਨੀ ਸਿੰਘ ਜੀ ਤੋਂ ਮੇਲਾ ਲਾਉਣ ਦੇ ਪੰਜ ਹਜ਼ਾਰ ਰੁਪਏ ਮੰਗੇ ਗਏ । ਪਰ ਉਨ੍ਹਾਂ ਨੇ ਕਿਹਾ ਕਿ ਹਕੂਮਤ ਦੀ ਸ਼ਰਾਰਤ ਕਾਰਨ ਮੇਲਾ ਨਹੀਂ ਲੱਗ ਸਕਿਆ ਇਸ ਲਈ ਇਹ ਰਕਮ ਨਹੀਂ ਦਿੱਤੀ ਜਾ ਸਕਦੀ । ਭਾਈ ਸਾਹਿਬ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ ਗਿਆ । ਲਾਹੌਰ ਸ਼ਹਿਰ ਦੇ ਸਿੱਖ ਪੈਸੇ ਲੈ ਕੇ ਆਏ ਤਾਂ ਜੋ ਜ਼ਕਰੀਆ ਖਾਂ ਨੂੰ ਦਿੱਤੇ ਜਾ ਸਕਣ ਪਰ ਭਾਈ ਮਨੀ ਸਿੰਘ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ । ਇਸ 'ਤੇ ਆਪ ਦਾ ਕੇਸ ਮੌਲਵੀਆਂ ਕੋਲ ਪੇਸ਼ ਕੀਤਾ ਗਿਆ ਜਿਨ੍ਹਾਂ ਨੇ ਬੰਦ-ਬੰਦ ਕੱਟ ਕੇ ਕਤਲ ਕਰਨ ਦਾ ਫਤਵਾ ਦਿੱਤਾ । ਭਾਈ ਸਾਹਿਬ ਨੂੰ ਕਿਹਾ ਗਿਆ ਕਿ ਇੱਕ ਹਾਲਤ ਵਿੱਚ ਤੁਹਾਨੂੰ ਛੱਡਿਆ ਜਾ ਸਕਦਾ ਹੈ ਜੇ ਤੁਸੀਂ ਮੁਸਲਮਾਨ ਬਣ ਜਾਉ । ਜਦ ਇਸਲਾਮ ਵਿੱਚ ਲਿਆਉਣ ਦੇ ਯਤਨਾਂ ਤੋਂ ਕਾਮਯਾਬੀ ਨਾ ਮਿਲੀ ਤਾਂ ਭਾਈ ਸਾਹਿਬ ਨੂੰ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ । ਉਨ੍ਹਾਂ ਦੇ ਤੇਸੇ ਨਾਲ ਪਹਿਲੇ ਪੋਟੇ, ਫਿਰ ਉਂਗਲਾਂ, ਫਿਰ ਸਰੀਰ ਦੇ ਬਾਕੀ ਹਿੱਸੇ ਜੁਦਾ ਕੀਤੇ ਗਏ । ਭਾਈ ਸਾਹਿਬ ਪਾਠ ਕਰਦੇ ਰਹੇ, ਉਨ੍ਹਾਂ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ ।

ਕੰਬੋਵਾਲੀ ਪਿੰਡ (ਜਿੱਥੇ ਭਾਈ ਮਨੀ ਸਿੰਘ ਜੀ ਦਾ ਜਨਮ ਹੋਇਆ ਸੀ) ਪਿੰਡ ਲੌਂਗੋਵਾਲ ਨੇੜੇ ਸੀ ਤੇ ਬਰਬਾਦ ਹੋਣ ਬਾਅਦ ਲੌਂਗੋਵਾਲ ਵਿੱਚ ਹੀ ਮਿਲ ਗਿਆ । ਲੌਂਗੋਵਾਲ ਸੁਨਾਮ ਤੋਂ ਲਗਭਗ 8 ਮੀਲ ਉੱਤਰ ਪੱਛਮ ਵੱਲ ਹੈ । ਇਸ ਪਿੰਡ ਨੂੰ ਮਹਾਰਾਜਾ ਆਲਾ ਸਿੰਘ ਨੇ ਦੁਬਾਰਾ ਬਣਵਾਇਆ ਸੀ । ਲੌਂਗੋਵਾਲ ਵਿੱਚ ਭਾਈ ਮਨੀ ਸਿੰਘ ਦੇ ਸਬੰਧ ਵਿੱਚ ਦੋ ਗੁਰਦੁਆਰੇ ਸਾਹਿਬਾਨ ਹਨ । ਇੱਕ ਗੁਰਦੁਆਰਾ ਸਾਹਿਬ ਲੌਂਗੋਵਾਲ ਪਿੰਡ ਵਿੱਚ ਹੈ ਤੇ ਦੂਸਰਾ ਗੁਰਦੁਆਰਾ ਸਾਹਿਬ ਜਨਮ ਅਸਥਾਨ ਭਾਈ ਮਨੀ ਸਿੰਘ ਪਿੰਡ ਕੈਂਬੋਵਾਲ ਦੀ ਜੂਹ ਵਿੱਚ ਸਥਿਤ ਹੈ । ਨੱਬੇ ਵਰ੍ਹਿਆਂ ਦੇ ਜਨਮ 10 ਮਾਰਚ ਸੰਨ 1644 (ਚੇਤ ਸੁਦੀ ਦੁਆਦਸੀ ਸੰਮਤ 1701 ਬਿ:) ਭਾਈ ਮਨੀ ਸਿੰਘ ਜੀ ਨੇ 24 ਜੂਨ 1734 ਈ. (ਹਾੜ ਸੁਦੀ ਪੰਚਮੀ ਸੰਮਤ 1791) ਨੂੰ ਸ਼ਹੀਦੀ ਪਾਈ । ਭਾਈ ਸਾਹਿਬ ਨੂੰ ਨਖਾਸ ਚੌਕ ਵਿੱਚ ਜੋ ਲਾਹੌਰ ਲੰਡੇ ਬਜ਼ਾਰ ਵਿੱਚ ਹੈ ਸ਼ਹੀਦ ਕੀਤਾ ਗਿਆ । (ਹਵਾਲਾ ਗੁਰ ਬਿਲਾਸ ਪਾ: 10 ਪਤ੍ਰ 219) ਉਸ ਅਸਥਾਨ ਦਾ ਨਾਮ ਗੁਰਦੁਆਰਾ ਸ਼ਹੀਦ ਗੰਜ ਹੈ । ਇਸ ਦੇ ਅਹਾਤੇ ਵਿੱਚ ਇਕ ਖੂਹ ਹੈ । ਇਸ ਨੂੰ ਸ਼ਹੀਦੀ ਖੂਹ ਆਖਿਆ ਜਾਂਦਾ ਹੈ ।

# ਸੇਵਾ ਪੰਥੀ ਮਹਾਂਪੁਰਖ ਮਹੰਤ ਬਾਬਾ ਭਗਤ ਸਿੰਘ ਜੀ ਮਿਠੇ ਟਿਵਾਣੇ ਵਾਲੇ

-ਸੰਤ ਅਜੀਤ ਸਿੰਘ

ਆਪ ਜੀ ਦਾ ਜਨਮ ਭਾਈ ਪਿਆਰ ਸਿੰਘ ਜੀ, ਮਾਤਾ ਕਲਿਆਣ ਬਾਈ ਦੇ ਘਰ 1921 ਬ੍ਰਿਕਮੀ ਦੇ ਲੱਗਭੱਗ ਮਿਠੇ ਟਿਵਾਣੇ ਹੋਇਆ। ਸੇਵਾ ਪੰਥੀ ਮਹਾਂਪੁਰਸ਼ਾਂ ਦੇ ਅਸਥਾਨ ਤੇ ਮਾਤਾ-ਪਿਤਾ ਦਾ ਆਉਣਾ ਜਾਣਾ, ਸਤਸੰਗ ਕਰਨਾ ਬਾਬਾ ਭਗਤ ਸਿੰਘ ਜੀ ਦੇ ਜੀਵਨ ਵਿੱਚ ਰੰਗ ਲਿਆਇਆ। ਆਪ ਬੜ੍ਹੇ ਹੀ ਧੀਰਜਵਾਨ, ਸੇਵਾ ਸਿਮਰਨ ਦੇ ਪੁੰਜ, ਗੁਰਬਾਣੀ ਦੇ ਵਿਦਵਾਨ ਅਤੇ ਨਾਮਰਸੀਏ ਮਹਾਂਪੁਰਸ਼ ਸਨ। ਸਾਰਾ ਜੀਵਨ ਸਾਦਗੀ ਵਿੱਚ ਹੀ ਵਿਚਰਕੇ ਗੁਜਾਰਿਆ। ਆਪ ਜੀ ਦਾ ਉਦਾਸੀਨ ਮਹਾਂਪੁਰਖ ਬਾਵਾ ਸ਼ਾਮਦਾਸ ਜੀ ਵਿੰਝ ਤਹਿਸੀਲ ਸਾਹਪੁਰ ਵਾਲਿਆਂ ਨਾਲ ਬਹੁਤ ਪਿਆਰ ਸੀ। ਇਹ ਮਹਾਂਪੁਰਖ ਵੀ ਨਾਮ ਕਮਾਈ ਵਾਲੇ, ਹਰਖ ਸੋਗ ਤੋਂ ਨਿਆਰੇ ਮਹਾਂਪੁਰਖ ਸਨ।

ਕਾਹੂ ਫਲ ਕੀ ਇਛਾ ਨਹੀ ਬਾਛੈ ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥
ਮਨ ਤਨ ਅੰਤਰਿ ਸਿਮਰਨ ਗੋਪਾਲ ॥ ਸਭ ਊਪਰਿ ਹੋਵਤ ਕਿਰਪਾਲ ॥

ਬਾਬਾ ਭਗਤ ਸਿੰਘ ਜੀ ਨੇ ਸੇਵਾ ਪੰਥੀ ਸੇਵਾ ਅਸਥਾਨ ਦੇ ਨਾਮ ਕੋਈ ਜਮੀਨ ਜਾਇਦਾਦ ਨਹੀਂ ਬਣਾਈ। ਜੋ ਆਇਆ ਸੰਗਤ ਦੀ ਸੇਵਾ ਬਾਬਾ ਲੇਖੇ ਲਾਉਂਦੇ ਰਹੇ। ਗੁਰਬਾਣੀ ਦਾ ਪ੍ਰਚਾਰ ਬੇਅੰਤ ਕੀਤਾ। ਸ੍ਰੀ ਸੁਖਮਨੀ ਸਾਹਿਬ ਜੀ ਕਈਆਂ ਨੂੰ ਕੰਠ ਕਰਾ ਕੇ ਗੁਰੂ ਚਰਨਾਂ ਨਾਲ ਜੋੜਿਆ। ਪਸ਼ੂ ਪੰਛੀਆਂ ਦੀ ਸੇਵਾ ਸੰਭਾਲ ਲਈ ਥੱਲ ਵਿੱਚ ਕਈ ਥਾਂ ਟੋਭੇ ਖੁਦਵਾਏ।

## ਸਿਦਕ ਤੇ ਭਰੋਸਾ

ਸਮੇਂ ਦੀ ਗੱਲ ਹੈ ਭਾਈ ਸੇਵਾਰਾਮ ਜੀ ਸੇਵਾ ਪੰਥੀ ਵੱਲੋਂ ਖੁਦਵਾਏ ਗਏ ਟੋਭੇ ਦੀ ਦੁਬਾਰਾ ਕਾਰ ਸੇਵਾ ਲਈ ਇਲਾਕੇ ਦੀਆਂ ਸੰਗਤਾਂ ਨੂੰ ਸੇਵਾ ਵਾਸਤੇ ਲੈ ਕੇ ਗਏ। ਸੇਵਾ ਕਰ ਰਹੀਆਂ ਸੰਗਤਾਂ ਵਿੱਚ ਹਿੰਦੂ, ਸਿੱਖ ਅਤੇ ਮੁਸਲਮਾਨਾਂ ਇੱਕ ਦੂਜੇ ਤੋਂ ਅੱਗੇ ਚੜ੍ਹਦੀਕਲਾ ਵਿੱਚ ਸੇਵਾ ਕਰ ਰਹੇ ਸਨ। ਹਿੰਦੂ, ਸਿੱਖ ਅਤੇ ਮੁਸਲਮਾਨਾਂ ਦਾ ਇੱਕਠੇ ਸੇਵਾ ਕਰਦੇ ਤੱਕਣਾਂ, ਸਮੇਂ ਦਾ ਇਕ ਕੁਦਰਤੀ ਨਜ਼ਾਰਾ ਦੇਖਣ ਯੋਗ ਸੀ। ਸਾਂਝੀਵਾਲਤਾ ਦੇ ਪ੍ਰਤੀਕ ਇੱਕੋ ਪ੍ਰਵਾਰ ਦੇ ਜੀਆਂ ਵਾਂਗ ਸੇਵਾ ਕਰਦੇ ਨਜ਼ਰੀ ਆ ਰਹੇ ਸਨ।

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥

ਅਤੇ

''ਅਵਲਿ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ ॥''

ਗੁਰਬਾਣੀ ਵਾਕਾਂ ਅਨੁਸਾਰ ਪ੍ਰਤੱਖ ਰੋਸ਼ਨੀ ਜਗਮਗਾ ਰਹੀਂ ਸੀ। ਅੰਮ੍ਰਿਤ ਵੇਲੇ ਤੋਂ ਗਈਆਂ ਸੰਗਤਾਂ ਲਈ ਉਥੇ ਹੀ ਗੁਰੂ ਕਾ ਲੰਗਰ ਤਿਆਰ ਕੀਤਾ ਗਿਆ। ਅੰਮ੍ਰਿਤ ਭੋਜਨ ਗੁਰੂ ਕੇ ਲੰਗਰ ਵਿੱਚ ਮਹਾਂਪੁਰਸ਼ਾਂ ਨੇ ਉਚੇਚਾ ਕੜਾਹਿ ਪ੍ਰਸਾਦਿ ਦੀ ਦੇਗ ਸੰਗਤਾਂ ਲਈ ਤਿਆਰ

ਕਰਵਾਈ ਗਈ ।

ਇਸ ਸਮੇਂ ਇੱਕ ਮੁਸਲਮਾਨ ਜ਼ਿੰਮੀਦਾਰ (ਜੋ ਸੇਵਾ ਕਰ ਰਿਹਾ ਸੀ) ਬਾਬਾ ਭਗਤ ਸਿੰਘ ਜੀ ਪਾਸ ਆ ਕੇ ਹੱਸ ਕੇ ਕਹਿਣ ਲਗਾ ਬਾਬਾ ਜੀ । ਇਹ ਕੜਾਹ ਪ੍ਰਸ਼ਾਦ ਦੀ ਦੇਗ਼ ਦੀ ਕੜਾਹੀ ਅਸੀਂ ਇਕੱਲੇ ਹੀ ਖਾ ਜਾਈਏ । ਤੁਸੀਂ ਬੇਅੰਤ ਸੰਗਤਾਂ ਲਈ ਥੋੜਾ ਜਿਹਾ ਹੀ ਪ੍ਰਸ਼ਾਦ ਤਿਆਰ ਕੀਤਾ ਹੈ । ਬਾਬਾ ਭਗਤ ਸਿੰਘ ਜੀ ਕਹਿਣ ਲੱਗੇ ਤੁਸੀਂ ਹੀ ਨਹੀਂ, ਸਾਰੇ ਹੀ ਰਲ ਮਿਲ ਬੈਠ ਰੱਜ ਕੇ ਛਕਣਗੇ, ਤੋਟਾ ਨਹੀਂ ਆਵੇਗੀ । ਲੰਗਰ ਵਰਤਾਉਣ ਦੀ ਤਿਆਰੀ ਕੀਤੀ ਗਈ । ਬਾਬਾ ਭਗਤ ਸਿੰਘ ਜੀ ਨੇ ਦੋ ਹੱਥ ਜੋੜ ਗੁਰੂ ਨਾਨਕ ਸਾਹਿਬ ਜੀ, ਗੁਰੂ ਗੋਬਿੰਦ ਸਿੰਘ ਜੀ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜ਼ਰਾ ਹਜ਼ੂਰ, ਹਾਜ਼ਰ ਸਮਝ ਅਰਦਾਸ ਕੀਤੀ ਅਤੇ ਬਾਬਾ ਜਵਾਹਰ ਸਿੰਘ ਜੀ ਨੂੰ ਹੁਕਮ ਕੀਤਾ ਕਿ ਤੁਸੀਂ ਕੜਾਹ ਪ੍ਰਸ਼ਾਦ ਦੀ ਦੇਗ ਪਾਸ ਚੌਂਕੜਾ ਲਾ ਕੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਨਾ ਆਰੰਭ ਕਰ ਦਿਓ ਅਤੇ ਚੌਂਕੜਾ ਨਹੀਂ ਚੁੱਕਣਾ, ਅਡੋਲ ਬੈਠ ਇਕਾਗਰ ਚਿੱਤ ਹੋ ਪਾਠ ਕਰਨਾ ਹੈ । ਬਾਬਾ ਜਵਾਹਰ ਸਿੰਘ ਜੀ ਹੁਕਮ ਮੰਨ ਚੌਂਕੜਾ ਲਾ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਨ ਲੱਗੇ ਪਏ । ਮਿੱਠੀ ਧੁਨੀ ਨਾਲ ਆਪ ਜੀ ਪਾਠ ਕਰਦੇ ਗਏ, ਸੰਗਤਾਂ ਆਉਂਦੀਆਂ ਗਈਆਂ, ਲੰਗਰ ਛੱਕ ਕੇ ਜਾਂਦੀਆਂ ਗਈਆਂ । ਬਾਬਾ ਜਵਾਹਰ ਸਿੰਘ ਜੀ ਅਡੋਲ ਬੈਠ ਪਾਠ ਕਰੀ ਗਏ ।

ਇਤਨਾ ਅਤੁੱਟ ਲੰਗਰ ਵਰਤਿਆ ਕਿ ਜਿਹੜਾ ਮੁਸਲਮਾਨ ਜ਼ਿੰਮੀਦਾਰ ਕਹਿ ਰਿਹਾ ਸੀ ਬਾਬਾ ਜੀ ! ਇਕੱਲੇ ਹੀ ਛੱਕ ਜਾਵਾਂਗੇ, ਉਹੀ ਕਹਿ ਰਿਹਾ ਸੀ ਧੰਨ ਗੁਰੂ, ਧੰਨ ਗੁਰੂ ਕਾ ਲੰਗਰ, ਧੰਨ ਗੁਰੂ ਕੇ ਪਿਆਰੇ ਮਹਾਂਪੁਰਸ਼ ।

ਲੰਗਰ ਤੋਂ ਬਾਦ ਮਹਾਂਪੁਰਖ ਬਾਬਾ ਭਗਤ ਸਿੰਘ ਜੀ ਨੇ ਹੱਥ ਜੋੜ ਅਕਾਲ ਪੁਰਖ ਅਤੇ ਗੁਰੂ ਨਾਨਕ ਸਾਹਿਬ ਜੀ ਅੱਗੇ ਸ਼ੁਕਰਾਨੇ ਦੀ ਅਰਦਾਸ ਕੀਤੀ । ਨੇਤਰਾਂ ਵਿੱਚੋਂ ਜਲ ਵਹਿ ਤੁਰਿਆ, ਗੱਚ ਭਰ ਆਇਆ, ਹਲੀਮੀ ਮਿੱਠੀ ਮਧੁਰ ਆਵਾਜ ਵਿੱਚ ਕਿਹਾ-

ਅਪੁਨੇ ਦਾਸ ਕੋ ਭਇਓ ਸਹਾਈ ॥
ਸਗਲ ਮਨੋਰਥ ਕੀਨੇ ਕਰਤੈ ਊਣੀ ਬਾਤ ਨ ਕਾਈ ॥

ਐਸੇ ਸਨ ਬਾਬਾ ਭਗਤ ਸਿੰਘ ਜੀ ਸੇਵਾ ਪੰਥੀ ਜਿਨ੍ਹਾਂ ਦਾ ਗੁਰੂ ਤੇ ਵਿਸ਼ਵਾਸ ਤੇ ਭਰੋਸਾ ਅਡੋਲ ਸੀ । ਆਪ ਜਪਹਿ ਅਵਰਹਿ ਨਾਮ ਜਪਾਉਣ ਵਾਲੀ ਮੂਰਤਿ ਸਨ ਬਾਬਾ ਭਗਤ ਸਿੰਘ ਜੀ ਸੇਵਾ ਪੰਥੀ । ਜੋ ਸੇਵਾ ਸਿਮਰਨ ਪਰਉਪਕਾਰ ਕਰਦੇ ਵਾਹਿਗੁਰੂ ਦੇ ਭਾਣੇ ਵਿੱਚ ਵਿਚਰਦੇ ਕੁੱਝ ਸਰੀਰਕ ਖੇਚਲ ਹੋਣ ਤੇ ਕਹਿਣ ਲੱਗੇ " ਗੁਰੂ ਰੂਪ ਸਾਧ ਸੰਗਤ ਜੀਓ । ਮੇਰੀ ਤਿਆਰੀ ਹੈ ਸੇਵਾ ਸੰਭਾਲੋ, ਗੁਰਬਾਣੀ ਦਾ ਪਾਠ ਕਰੋ । ਪਾਠ ਸ਼ੁਰੂ ਹੋਇਆ । ਆਪ ਜੀ ਪਾਠ ਸੁਣਦੇ-ਸੁਣਦੇ ਹੀ ਸਰੀਰਕ ਚੋਲਾ ਤਿਆਗ "ਏਕ ਜੋਤਿ ਏਕਾ ਮਿਲੀ " ਵਿੱਚ ਅਭੇਦ ਹੋ ਗਏ ਸੰਮਤ 1964 ਵਿੱਚ । ਆਪ ਜੀ ਤੋਂ ਬਾਦ ਸੇਵਾ ਅਸਥਾਨ ਦੀ ਸੇਵਾ ਮਹੰਤ ਬਾਬਾ ਜਵਾਹਰ ਸਿੰਘ ਜੀ ਨੂੰ ਮਿਲੀ । ਮਹੰਤ ਬਾਬਾ ਜਵਾਹਰ ਸਿੰਘ ਜੀ ਨੇ ਹੀ ਬਾਬਾ

ਭਗਤ ਸਿੰਘ ਜੀ ਦੀ ਯਾਦ ਵਿੱਚ ਇਹ ਸਾਲਾਨਾ ਯੱਗ ਸਮਾਗਮ ਵਿਸ਼ਾਲ ਪੱਧਰ ਤੇ ਮਨਾਉਣਾ ਸ਼ੁਰੂ ਕੀਤਾ । ਮਿੱਠਾ ਟਿਵਾਣਾ (ਪਾਕਿਸਤਾਨ) ਵਿੱਚ ਇਹ ਸਮਾਗਮ ਵੀ ਬਹੁਤ ਵੱਡੇ ਪੱਧਰ ਤੇ ਮਨਾਇਆ ਜਾਂਦਾ ਸੀ । ਸੰਨ 1947 ਦੀ ਵੰਡ ਤੋਂ ਬਾਦ ਮਹੰਤ ਬਾਬਾ ਜਵਾਹਰ ਸਿੰਘ ਜੀ ਨੇ ਹੁਸ਼ਿਆਰਪੁਰ ਵਿਖੇ ਸੇਵਾ ਅਸਥਾਨ ਡੇਰਾ ਹਰੀ ਭਗਤਪੁਰਾ (ਮਿੱਠਾ ਟਿਵਾਣਾ) ਸਥਾਪਨ ਕੀਤਾ । ਮਹਾਂਪੁਰਸ਼ ਬਾਬਾ ਭਗਤ ਸਿੰਘ ਜੀ ਦੀ ਯਾਦ ਵਿੱਚ ਹਰ ਸਾਲ ਸਾਲਾਨਾ ਯੱਗ ਸਮਾਗਮ 14-15- 16 ਜੁਲਾਈ ਨੂੰ ਵਿਸਾਲ ਪੱਧਰ ਤੇ ਪੁਰਾਤਨ ਮਰਿਯਾਦਾ ਕਾਇਮ ਰੱਖਦੇ ਹੋਏ ਡੇਰਾ ਹਰੀ ਭਗਤ ਪੁਰਾ (ਮਿੱਠਾ ਟਿਵਾਣਾ) ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਵੀ ਬੜੀ ਸਰਧਾ ਭਾਵਨਾ ਨਾਲ ਮਨਾਉਣਾ ਸ਼ੁਰੂ ਕੀਤਾ । ਮਹੰਤ ਬਾਬਾ ਜਵਾਹਰ ਸਿੰਘ ਜੀ ਤੋਂ ਬਾਦ ਮਹੰਤ ਬਾਬਾ ਜਮੀਅਤ ਸਿੰਘ ਜੀ ਅਤੇ ਮਹਾਨ ਆਤਮਾ, ਨਿਰਮਲ ਮੂਰਤਿ ਮਹੰਤ ਬਾਬਾ ਤਾਰਾ ਸਿੰਘ ਜੀ ਨੇ ਸੇਵਾ ਸੰਭਾਲੀ । ਗੁਰਮਤਿ ਸੰਗੀਤ ਵਿਦਿਆਲਾ (ਮਿੱਠਾ ਟਿਵਾਣਾ), ਭਾਈ ਘਨੱਈਆ ਜੀ ਹਸਪਤਾਲ, ਭਾਈ ਘਨੱਈਆ ਜੀ ਚੈਰੀਟੇਬਲ ਬਲੱਡ ਬੈਂਕ, Amritbani Collection's (Audio-Video-Cd), ਬਾਬਾ ਜਵਾਹਰ ਸਿੰਘ ਜੀ ਦੀਵਾਨ ਹਾਲ, ਲੰਗਰ ਹਾਲ ਅਤੇ ਸੁੰਦਰ ਰਿਹਾਇਸ਼ੀ ਕਮਰਿਆਂ ਦੀ ਉਸਾਰੀ ਕਰਵਾ ਕੇ ਗੁਰੂ ਸੰਗਤਾਂ ਅਤੇ ਰਾਹਗੀਰ ਮੁਸਾਫਰਾਂ ਦੀ ਸੁਖ ਸਹੂਲਤਾਂ ਵਿੱਚ ਹੋਰ ਵਾਧਾ ਅਤੇ ਅਸਥਾਨ ਨੂੰ ਸੇਵਾ ਸਿਮਰਨ ਪ੍ਰਉਪਕਾਰ ਦੇ ਰੰਗ ਵਿੱਚ ਰੰਗਿਆ । ਇਸ ਸਮਾਗਮ ਨੂੰ ਹੋਰ ਚੜ੍ਹਦੀਕਲਾ ਵਿੱਚ ਗੁਰ ਸੰਗਤ ਦੀ ਸੇਵਾ ਵਿੱਚ ਗੁਰਬਾਣੀ ਪ੍ਰਚਾਰ ਪ੍ਰਸਾਰ ਹਿੱਤ ਕਥਾ ਕੀਰਤਨ ਦੁਆਰਾ ਭੇਟਾ ਕਰਦੇ ਰਹੇ ਹਨ । ਮਹੰਤ ਬਾਬਾ ਤਾਰਾ ਸਿੰਘ ਜੀ ਸੇਵਾ ਪੰਥੀ ਦੇ ਸੰਨ 1998 ਵਿੱਚ ਅਕਾਲ ਚਲਾਣੇ ਉਪਰੰਤ ਸੰਤ ਪ੍ਰਿਤਪਾਲ ਸਿੰਘ ਜੀ ਨੂੰ ਅਸਥਾਨ ਦੀ ਸੇਵਾ ਸੇਵਾ ਪੰਥੀ ਭੇਖ਼ ਅਤੇ ਸੰਗਤਾਂ ਵੱਲੋਂ ਸੌਂਪੀ ਗਈ । ਵੱਡਿਆਂ ਮਹਾਪੁਰਖਾਂ ਦੀ ਚਲਾਈ ਮਰਿਯਾਦਾ ਅਨੁਸਾਰ ਅਸਥਾਨ ਦੀ ਸੇਵਾ ਸੰਭਾਲ ਨੂੰ ਹੋਰ ਅੱਗੇ ਲਿਜਾ ਰਹੇ ਹਨ ।

ਵਰਤਮਾਨ ਮੁਖੀ ਮਹੰਤ ਬਾਬਾ ਪ੍ਰਿਤਪਾਲ ਸਿੰਘ ਜੀ ਦੀ ਅਗਵਾਈ ਵਿੱਚ ਹੋ ਰਹੇ ਇਸ ''ਸਾਲਾਨਾ ਯੱਗ ਸਮਾਗਮ'' ਵਿੱਚ ਬਾਬਾ ਸਰਬਜੋਤ ਸਿੰਘ ਜੀ ਬੇਦੀ ਊਨਾ ਸਾਹਿਬ ਵਾਲਿਆਂ ਸਮੇਤ ਸਿੱਖ ਪੰਥ ਦੀਆਂ ਸਤਿਕਾਰਤ ਸੰਪਰਦਾਵਾਂ ਦੇ ਮਹਾਨ ਮਹਾਂਪੁਰਸ਼, ਮਹਾਨ ਗੁਰੂ ਕੇ ਕੀਰਤਨੀਏ, ਰਾਗੀ, ਢਾਡੀ ਅਤੇ ਕਥਾਵਾਚਕ ਅੰਮ੍ਰਿਤ ਬਾਣੀ ਦੀ ਅੰਮ੍ਰਿਤ ਵਰਖਾ ਦੁਆਰਾ ਨਿਹਾਲ ਕਰਨਗੇ । ਵਿਸ਼ਾਲ ਪੱਧਰ ਤੇ ਹੁੰਦੇ ਇਸ ਸਮਾਗਮ ਵਿੱਚ ਦੇਸ਼ ਵਿਦੇਸ਼ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਸ਼ਰਧਾ ਭਾਵਨਾ ਸਹਿਤ ਸ਼ਮੂਲੀਅਤ ਕਰਦੀਆਂ ਹਨ । ਗੁਰਬਾਣੀ ਪ੍ਰਚਾਰ ਪ੍ਰਸਾਰ ਦੀ ਭਾਵਨਾ ਨੂੰ ਮੁੱਖ ਰੱਖਦੇ ਹੋਏ Amritbani Collection's (Audio-Video-Cd), ਡੇਰਾ ਹਰੀ ਭਗਤ ਪੁਰਾ (ਮਿੱਠਾ ਟਿਵਾਣਾ) ਵੱਲੋਂ ਕੀਰਤਨ ਦੀ ਰਿਕਾਰਡਿੰਗ ਕਰਕੇ ਸੰਗਤਾਂ ਦੀ ਸੇਵਾ ਵਿੱਚ ਭੇਟਾ ਕੀਤੀ ਜਾਂਦੀ ਹੈ ।

## ਭਾਈ ਘਨੱਈਆ ਜੀ ਦੀ ਬਰਸੀ ਨੂੰ ਮਾਨਵ ਸੇਵਾ ਸੰਕਲਪ ਦਿਵਸ ਨੂੰ ਆਨੰਦਪੁਰ ਸਾਹਿਬ ਵਿਖੇ ਰਾਜ ਪੱਧਰ ਦਾ ਸਮਾਗਮ ਕਰਾਉਣ ਦਾ ਫੈਸਲਾ

ਭਾਈ ਘਨੱਈਆ ਜੀ ਦੀ ਮਹਾਨ ਸੇਵਾ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਲੰਮੇ ਸਮੇਂ ਤੋਂ ਕੀਤੇ ਜਾ ਰਹੇ ਯਤਨਾਂ ਦਾ ਸਦਕਾ ਪੰਜਾਬ ਸਰਕਾਰ ਦੁਆਰਾ ਸਮੂਹ ਵਿਭਾਗਾਂ ਦੇ ਮੁਖੀ, ਸਮੂਹ ਮੰਡਲਾਂ ਦੇ ਕਮਿਸ਼ਨਰਜ਼ ਅਤੇ ਡਿਪਟੀ ਕਮਿਸ਼ਨਰਜ਼ ਸਮੂਹ ਬੋਰਡਾਂ ਦੇ ਚੇਅਰਮੈਨ ਅਤੇ ਕਾਰਪੋਰੇਸ਼ਨਾਂ ਦੇ ਮੈਨੇਜਿੰਗ ਡਾਇਰੈਕਟਰਜ਼ ਨੂੰ ਜੋ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਭਾਈ ਘਨੱਈਆ ਜੀ ਦੀ ਬਰਸੀ 20 ਸਤੰਬਰ 2008 ਨੂੰ ਮਾਨਵ ਸੇਵਾ ਸੰਕਲਪ ਦਿਵਸ ਤੌਰ ਤੇ ਮਨਾਇਆ ਜਾਵੇ। ਇਸ ਮਹਾਨ ਫੈਸਲੇ ਨੂੰ ਪੰਜਾਬ ਭਰ ਵਿੱਚ ਜ਼ਿਲ੍ਹਾ ਪੱਧਰ ਤੇ ਲਾਗੂ ਕਰਾਉਣ ਸਬੰਧੀ ਇਕ ਇਕੱਤਰਤਾ ਮਹੰਤ ਪ੍ਰਿਤਪਾਲ ਸਿੰਘ ਜੀ ਸੇਵਾ ਪੰਥੀ ਮੁੱਖੀ ਡੇਰਾ ਹਰੀ ਭਗਤਪੁਰਾ ਗੁਰਦੁਆਰਾ ਮਿੱਠਾ ਟਿਵਾਣਾ ਅਤੇ ਮਹੰਤ ਦਿਲਬਾਗ ਸਿੰਘ ਜੀ ਸੇਵਾ ਪੰਥੀ ਆਨੰਦਪੁਰ ਸਾਹਿਬ, ਜਨਰਲ ਸਕੱਤਰ, ਸੇਵਾ ਪੰਥੀ ਅੱਡਣ ਸ਼ਾਹੀ ਸਭਾ, ਰਜਿ; ਅੰਮ੍ਰਿਤਸਰ ਜੀ ਦੀ ਸਰਪ੍ਰਸਤੀ ਹੇਠ ਹੋਈ ਜਿਸ ਵਿੱਚ ਭਾਈ ਘਨੱਈਆ ਜੀ ਸੇਵਾ ਸੁਸਾਇਟੀ ਅਤੇ ਸਮਾਜ ਸੇਵਾ ਵਿੱਚ ਲੱਗੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਇਸ ਸੇਵਾ ਦਿਵਸ ਨੂੰ ਮਨਾਉਣ ਸਬੰਧੀ ਵਿਚਾਰ ਪੇਸ਼ ਕੀਤੇ ਅਤੇ ਇਸ ਕਾਰਜ ਲਈ ਪੰਜਾਬ ਸਰਕਾਰ ਦਾ ਧੰਨਵਾਦ ਵੀ ਕੀਤਾ। ਮਹੰਤ ਦਿਲਬਾਗ ਸਿੰਘ ਜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਮੇਂ ਦੀ ਮੰਗ ਹੈ ਕਿ ਸਾਨੂੰ ਸਮੁੱਚੀ ਮਾਨਵਤਾ ਦੀ ਭਲਾਈ ਗੁਰੂ ਉਪਦੇਸ਼ਾਂ ਅਨੁਸਾਰ ਸੇਵਾ ਕਰਨੀ ਚਾਹੀਦੀ ਹੈ ਅਤੇ ਭਾਈ ਘਨੱਈਆ ਜੀ ਦੇ ਮਹਾਨ ਪਰਉਪਕਾਰੀ ਕਾਰਜ ਨੂੰ ਲੋਕਾਂ ਤੱਕ ਪਹੁੰਚਾਉਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਸਮਾਜ ਸੇਵਾ ਸੰਸਥਾਵਾਂ ਅਤੇ ਸਰਕਾਰ ਤੋਂ ਸਹਿਯੋਗ ਲੈ ਕੇ ਇਸ ਸਬੰਧੀ ਰਾਜ ਪੱਧਰੀ ਸਮਾਗਮ ਸ੍ਰੀ ਆਨੰਦਪੁਰ ਸਾਹਿਬ ਵਿਖੇ ਕੀਤਾ ਜਾਵੇਗਾ ਅਤੇ ਇਸ ਨੂੰ ਸਮਰਪਿਤ ਸੈਮੀਨਾਰ, ਖੂਨਦਾਨ ਕੈਂਪ, ਡਾਕਟਰੀ ਸਹਾਇਤਾ ਕੈਂਪ ਆਯੋਜਿਤ ਕੀਤੇ ਜਾਣਗੇ। ਉਹਨਾਂ ਨੇ ਪ੍ਰੋ: ਬਹਾਦਰ ਸਿੰਘ ਸੁਨੇਤ ਜਿਨ੍ਹਾਂ ਦੇ ਲੰਮੇ ਸਮੇ ਤੋਂ ਕੀਤੇ ਜਾ ਰਹੇ ਯਤਨਾਂ ਸਦਕਾ ਪੰਜਾਬ ਸਰਕਾਰ ਦੁਆਰਾ ਇਹ ਪੱਤਰ ਜਾਰੀ ਹੋਇਆ ਹੈ ਦੀ ਸਲਾਘਾ ਕੀਤੀ। ਭਾਈ ਘਨੱਈਆ ਜੀ ਮਿਸ਼ਨ ਦੇ ਪ੍ਰਧਾਨ ਪ੍ਰੋ: ਬਹਾਦਰ ਸਿੰਘ ਸੁਨੇਤ ਨੇ ਕਿਹਾ ਕਿ ਸਾਡੇ ਅਮੀਰ ਸਭਿਆਚਾਰਕ ਵਿਰਸੇ ਵਿੱਚ ਮਾਨਵਤਾ ਦੀ ਸੇਵਾ ਦਾ ਸੰਕਲਪ, ਮਨੁੱਖੀ ਏਕਤਾ, ਸਰਬ-ਸਾਂਝੀਵਾਲਤਾ ਅਤੇ ਸ਼ਾਂਤੀ ਦੇ ਉਪਦੇਸ਼ ਨੂੰ ਵਿਸ਼ਵ ਵਿਆਪੀ ਬਣਾਉਣ ਦੀ ਲੋੜ ਹੈ ਜਿਸ ਦੇ ਚਲਦਿਆਂ ਭਾਈ ਘਨੱਈਆ ਜੀ ਨੇ ਮੈਦਾਨੇ ਜੰਗ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਸੇਵਾ ਕਰਕੇ ਮਾਨਵਤਾ ਦੀ


ਸੇਵਾ ਦੇ ਸੰਕਲਪ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ । ਉਨ੍ਹਾਂ ਕਿਹਾ ਕਿ ਭਾਈ ਘਨੱਈਆ ਜੀ ਦੀ ਸੇਵਾ ਤੋਂ ਪੌਣੇ ਦੋ ਸੌ ਸਾਲ ਬਾਅਦ ਮੈਦਾਨੇ ਜੰਗ ਵਿੱਚ ਬਿਨਾਂ ਕਿਸੇ ਭੇਦ ਭਾਵ ਦੇ ਸੇਵਾ ਕਰਨ ਤੋਂ ਹੀ ਰੈਡ ਕਰਾਸ ਵਰਗੀ ਮਹਾਨ ਸੰਸਥਾਂ ਦਾ ਜਨਮ ਹੋਇਆ । ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸਵਿਟਜਰਲੈਂਡ ਦੇਸ਼ ਦੀ ਸਰਕਾਰ ਨੇ ਰੈਡ ਕਰਾਸ ਸੇਵਾ ਦੇ ਪਰਸਾਰ ਲਈ ਕਾਰਜ ਕੀਤਾ ਹੈ । ਉਸੇ ਹੀ ਤਰ੍ਹਾਂ ਪੰਜਾਬ ਸਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਉਘੀਆਂ ਸਮਾਜ ਸੇਵੀ ਸੰਸਥਾਵਾਂ ਨੂੰ ਸਾਂਝੇ ਤੌਰ ਤੇ ਉਪਰਾਲੇ ਕਰਕੇ ਇਸ ਸੇਵਾ ਨੂੰ ਵੀ ਵਿਸਵ ਵਿਆਪੀ ਬਣਾਉਣਾ ਚਾਹੀਦਾ ਹੈ । ਸ੍ਰ: ਭੁਪਿੰਦਰ ਸਿੰਘ ਪਾਹਵਾ ਪ੍ਰਧਾਨ ਭਾਈ ਘਨੱਈਆ ਚੈਰੀਟੇਬਲ ਬਲੱਡ ਬੈਂਕ ਨੇ ਕਿਹਾ ਕਿ ਭਾਈ ਘਨੱਈਆ ਜੀ ਦੀ ਜੀਵਨੀ ਸੰਬੰਧੀ ਲਿਟਰੇਚਰ ਛਪਵਾ ਕੇ ਵੰਡਿਆ ਜਾਵੇਗਾ ਤਾਂ ਕਿ ਵੱਧ ਤੋਂ ਵੱਧ ਲੋਕ ਇਸ ਮਹਾਨ ਸੇਵਾ ਸੰਕਲਪ ਤੋਂ ਜਾਣੂ ਹੋ ਸਕਣ । ਇਕੱਤਰਤਾ ਦੌਰਾਨ ਸ੍ਰ: ਉਜਲ ਸਿੰਘ ਚੇਅਰਮੈਨ ਭਾਈ ਘਨੱਈਆ ਟਰੱਸਟ, ਸ੍ਰ: ਹਰਜੀਤ ਸਿੰਘ ਭਾਈ ਘਨੱਈਆ ਨਿਸਕਾਮ ਸੇਵਕ ਸਭਾ, ਦੁਆਬ ਯੂਥ ਕਲੱਬ ਦੇ ਪ੍ਰਧਾਨ ਬਲਵਿੰਦਰ ਸਿੰਘ ਸਹੋਤਾ, ਉਘੇ ਸਮਾਜ ਸੇਵੀ ਡਾਕਟਰ ਅਜੇ ਬੱਗਾ, ਡਾਕਟਰ ਸਰਦੂਲ ਸਿੰਘ, ਸ੍ਰ: ਤਜਿੰਦਰ ਸਿੰਘ ਸੋਢੀ, ਇੰਜ: ਜਸਵੀਰ ਸਿੰਘ, ਇੰਜ: ਹਰਬੰਸ ਸਿੰਘ, ਸ੍ਰ: ਰਛਪਾਲ ਸਿੰਘ, ਡਾਕਟਰ ਮਨਮੋਹਨ ਸਿੰਘ, ਜੀਤ ਸਿੰਘ, ਬਲਵਿੰਦਰ ਸਿੰਘ ਸਹੋਤਾ, ਸ੍ਰ: ਕੁਲਤਾਰ ਸਿੰਘ, ਸ੍ਰ: ਬਖਸ਼ੀਸ਼ ਸਿੰਘ ਅਤੇ ਸ੍ਰ:ਰਜਿੰਦਰ ਸਿੰਘ ਸਚਦੇਵਾ, ਸ੍ਰ: ਜਸਵੀਰ ਸਿੰਘ, ਸ੍ਰ: ਨਿਰਵੈਰ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ । ਸਿੱਖ ਵੈਲਫੇਅਰ ਸੋਸਾਇਟੀ, ਰਾਮ ਚਰਿਤਰ ਮਾਨਸ ਪ੍ਰਚਾਰ ਮੰਡਲ, ਸਮਾਜਿਕ ਸੰਸਥਾਂ ਸਵੇਰਾ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਮਾਨਵ ਸੇਵਾ ਟਰਸਟ ਦਸਮੇਸ਼ ਵੈਲਫੇਅਰ ਸੋਸਾਇਟੀ ਨੇ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਸ਼ੇਸ਼ ਸੰਦੇਸ਼ ਰਾਂਹੀ ਇਸ ਮਹਾਨ ਕਾਰਜ ਲਈ ਸ਼੍ਰੋਮਣੀ ਕਮੇਟੀ ਤੋਂ ਭਰਪੂਰ ਸਹਿਯੋਗ ਦਿਵਾਉਣ ਦਾ ਭਰੋਸਾ ਦਿਵਾਇਆ । ਮੁੰਬਈ ਤੋਂ ਸਮਾਜ ਸੇਵੀ ਸ੍ਰ: ਭੁਪਿੰਦਰ ਸਿੰਘ ਕੋਹਲੀ ਅਤੇ ਸ੍ਰ: ਜਸਪਾਲ ਸਿੰਘ ਨੇ ਆਪਣੇ ਸੰਦੇਸ਼ ਰਾਂਹੀ ਕਿਹਾ ਕਿ ਗੁਰੂ ਸਹਿਬਾਨ ਵੱਲੋਂ ਦਰਸਾਏ ਸਰਬੱਤ ਦੇ ਭਲੇ ਦੇ ਸੰਕਲਪ ਦੀ ਮਜਬੂਤੀ ਲਈ ਭਾਈ ਘਨੱਈਆ ਜੀ ਦੀ ਸੇਵਾ ਦਾ ਪ੍ਰਸਾਰ ਕਰਨਾ ਸਮੇਂ ਦੀ ਮੰਗ ਹੈ । ਸਮਾਗਮ ਦੇ ਅੰਤ ਵਿੱਚ ਮਹੰਤ ਪ੍ਰਿਤਪਾਲ ਸਿੰਘ ਜੀ ਮਹੰਤ ਦਿਲਬਾਗ ਸਿੰਘ ਜੀ ਨੇ ਸਮਾਜ ਸੇਵੀ ਸੰਸਥਾਵਾਂ ਦੇ ਅਹੁਦੇਦਾਰਾਂ ਨੂੰ ਭਾਈ ਘਨੱਈਆ ਜੀ ਦੀਆਂ ਤਸਵੀਰਾਂ ਸਨਮਾਨ ਚਿੰਨ੍ਹ ਵਜੋਂ ਭੇਂਟ ਕਰਕੇ ਸਨਮਾਨਤ ਕੀਤਾ ।

-ਪ੍ਰੋ : ਬਹਾਦਰ ਸਿੰਘ ਸੁਨੇਤ


ਾ ਕਿ ਭਾਈ
ਵਿੱਚ ਬਿਨਾਂ
ਨ ਸੰਸਥਾਂ ਦਾ
ਦੀ ਸਰਕਾਰ
ਤਰ੍ਹਾਂ ਪੰਜਾਬ
ਸਮਾਜ ਸੇਵੀ
ਵ ਵਿਆਪੀ
ੀ ਘਨੱਈਆ
ਵਨੀ ਸੰਬੰਧੀ
ਇਸ ਮਹਾਨ
ੈਜਲ ਸਿੰਘ
ਘਨੱਈਆ
ਿੰਘ ਸਹੋਤਾ,
: ਤਜਿੰਦਰ
ਪਾਲ ਸਿੰਘ,
: ਕੁਲਤਾਰ
: ਜਸਵੀਰ
ੇ । ਸਿੱਖ
ਕ ਸੰਸਥਾਂ
ਦਸਮੇਸ਼
। ਸ਼੍ਰੋਮਣੀ
ਧਾਮੀ ਨੇ
ਂ ਭਰਪੂਰ
ਸੇਵੀ ਸ੍ਰ:
ਹੀ ਕਿਹਾ
ਮਜਬੂਤੀ
ਗ ਹੈ ।
ਘ ਜੀ ਨੇ
ਤਸਵੀਰਾਂ

ਘ ਸੁਨੇਤ





ਸ੍ਰੀ ਗੁਰੂ ਅਮਰ ਦਾਸ ਜੀ ਦੇ ਅਵਤਾਰ ਪੁਰਬ (18 ਮਈ 2008 ਨੂੰ)
ਸ਼੍ਰੀਮਾਨ 108 ਸੁਵਾਮੀ ਬ੍ਰਹਮ ਮੁਨੀ ਜੀ ਜਲਾਲ ਵਾਲੇ ਮਨੋਹਰ ਕਥਾ ਸਰਵਨ ਕਰਾਉਂਦੇ ਹੋਏ ।



ਡਾ: ਚੇਤਨ ਦਾਸ, ਐਮ.ਬੀ.ਬੀ.ਐੱਸ. ਨੇ ਭਾ: ਘ: ਚੈਰੀਟੇਬਲ ਹਸਪਤਾਲ ਵਿਖੇ 6 ਮਹੀਨੇ ਫ਼ਰੀ ਸੇਵਾ ਕੀਤੀ, ਮਹੰਤ ਕਾਹਨ ਸਿੰਘ ਜੀ ਡਾਕਟਰ ਸਾਹਿਬ ਨੂੰ ਸਿਰੋਪਾ ਦੇਣ ਉਪਰੰਤ ਸਨਮਾਨਿਤ ਕਰਦੇ ਹੋਏ ।



ਸ਼੍ਰੀ ਮਨੋਹਰ ਲਾਲ ਜੀ ਮਹੰਤ ਕਾਹਨ ਸਿੰਘ ਜੀ ਪਾਸੋਂ ਸਿਰੋਪਾ ਪ੍ਰਾਪਤ ਕਰਦੇ ਹੋਏ,
ਸ੍ਰ: ਸੁਰਜਨ ਸਿੰਘ ਘੁਲਿਆਣੀ ਵੀ ਨਾਲ ਨਜ਼ਰ ਆ ਰਹੇ ਹਨ ।